
# ਓਬਾਮਾ ਦੀ ਕਿਤਾਬ ਵਿੱਚ ਖੁਲਾਸਾ: ਸੋਨੀਆ ਗਾਂਧੀ ਨੇ ਕਿਉਂ ਬਣਾਇਆ ਸੀ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ




ਨਵੀਂ ਦਿੱਲੀ, 16 ਨਵੰਬਰ, (ਪੋਸਟ ਬਿਊਰੋ)- ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀਆਂ ਯਾਦਾਂ ਦੀ ਨਵੀਂ ਕਿਤਾਬ ਬਾਰੇ ਅੱਜਕੱਲ੍ਹ ਭਾਰਤ ਵਿੱਚ ਕਾਫੀ ਚਰਚਾ ਹੋ ਰਹੀ ਹੈ। ਇਹ ਚਰਚਾ ਓਦੋਂ ਸ਼ੁਰੂ ਹੋਈ, ਜਦੋਂ ਬੀਤੇ ਹਫਤੇ ਉਨ੍ਹਾਂ ਦੀ ਕਿਤਾਬ ਵਿੱਚ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਉੱਤੇ ਕੀਤੀ ਟਿੱਪਣੀ ਬਾਹਰ ਆਈ ਸੀ। ਅੱਜ ਇਸ ਕਿਤਾਬ ਦੇ ਕੁਝ ਹੋਰ ਹਿੱਸਿਆਂ ਦਾ ਖੁਲਾਸਾ ਹੋਣ ਦੇ ਬਾਅਦ ਨਵੀਂ ਚਰਚਾ ਛਿੜ ਗਈ ਹੈ।

ਨਿਊਯਾਰਕ ਟਾਈਮਜ਼ ਨੇ ਬਰਾਕ ਓਬਾਮਾ ਦੀ ਯਾਦਾਂ ਦੀ ਕਿਤਾਬ'ਏ ਪ੍ਰਾਮਿਸਡ ਲੈਂਡ' ਦੀ ਸਮੀਖਿਆ ਕੀਤੀ ਹੈ, ਜਿਸ ਮੁਤਾਬਕ ਇਸ ਵਿੱਚ ਓਬਾਮਾ ਨੇ ਰਾਹੁਲ ਗਾਂਧੀ ਦੀ ਮਾਂ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਜ਼ਿਕਰ ਕੀਤਾ ਹੈ। ਕਿਤਾਬ ਵਿੱਚ ਇੱਕ ਥਾਂ ਬਰਾਕ ਓਬਾਮਾ ਲਿਖਦੇ ਹਨ ਕਿ ਇੱਕ ਤੋਂਵੱਧ ਰਾਜਸੀ ਮਾਹਰਾਂ ਦੀ ਰਾਏ ਸੀ ਕਿ ਸੋਨੀਆ ਗਾਂਧੀ ਨੇ ਮਨਮੋਹਨ ਸਿੰਘ ਦੀ ਚੋਣ ਕਾਫ਼ੀ ਸੋਚ ਸਮਝ ਕੇ ਕੀਤੀ ਸੀ, ਕਿਉਂਕਿ ਮਨਮੋਹਨ ਸਿੰਘ ਉਹ ਬਜ਼ੁਰਗ ਸਿੱਖ ਨੇਤਾ ਸਨ, ਜਿਨ੍ਹਾਂ ਦਾ ਆਪਣਾ ਕੋਈ ਰਾਸ਼ਟਰੀ ਰਾਜਨੀਤਕ ਆਧਾਰ ਨਹੀਂ ਸੀ ਅਤੇ ਇਸ ਨੇਤਾ ਤੋਂ ਉਨ੍ਹਾਂ ਨੂੰ ਆਪਣੇ 40 ਸਾਲਾ ਬੇਟੇ ਰਾਹੁਲ ਵਾਸਤੇ ਕੋਈ ਸਿਆਸੀ ਖ਼ਤਰਾ ਨਹੀਂ ਦਿੱਸਦਾ, ਕਿਉਂਕਿ ਉਦੋਂ ਉਹ ਰਾਹੁਲ ਨੂੰ ਵੱਡੀ ਭੂਮਿਕਾ ਲਈ ਤਿਆਰ ਕਰ ਰਹੇ ਸਨ।' ਰਾਹੁਲ ਗਾਂਧੀ ਬਾਰੇ ਓਬਾਮਾ ਨੇ ਕਿਹਾ ਹੈ ਕਿ 'ਉਸ ਵਿੱਚ ਇੱਕ ਅਜਿਹੇ ਘਬਰਾਏ ਹੋਏ ਵਿਦਿਆਰਥੀ ਦੇ ਗੁਣ ਹਨ, ਜਿਸ ਨੇ ਆਪਣਾ ਪੂਰਾ ਕੋਰਸ ਪੂਰਾ ਕਰ ਲਿਆ ਹੈ ਅਤੇ ਉਹ ਆਪਣੇ ਟੀਚਰ ਨੂੰ ਪ੍ਰਭਾਵਤ ਕਰਨਾ ਚਾਹੁੰਦਾ ਹੈ, ਪਰ ਉਸ ਵਿੱਚ ਵਿਸ਼ੇ ਵਿੱਚ ਮੁਹਾਰਤ ਸਿੱਖਣ ਲਈ ਯੋਗਤਾ ਜਾਂ ਫਿਰ ਜਨੂੰਨ ਦੀ ਕਮੀ ਹੈ।'

# ਕੱਟੜਪੰਥੀ ਧਾਰਮਿਕ ਗਰੁੱਪ ਵੱਲੋਂ ਫਰਾਂਸ ਮੁੱਦੇ ਉੱਤੇ ਪਾਕਿਸਤਾਨੀ ਰਾਜਧਾਨੀ ਦੀ ਘੇਰਾਬੰਦੀ

ਇਸਲਾਮਾਬਾਦ, 16 ਨਵੰਬਰ, (ਪੋਸਟ ਬਿਊਰੋ)- ਇਕ ਫਰਾਂਸੀਸੀ ਅਖਬਾਰ ਵਿਚ ਪੈਗੰਬਰ ਮੁਹੰਮਦ ਸਾਹਿਬ ਬਾਰੇ ਇੱਕ ਕਾਰਟੂਨ ਛਾਪੇ ਜਾਣ ਦਾ ਵਿਰੋਧ ਕਰਨ ਲਈ ਇਕ ਕੱਟੜਪੰਥੀ ਧਾਰਮਿਕ ਗਰੁੱਪ ਦੇ ਸੈਂਕੜੇ ਵਰਕਰਾਂ ਨੇ ਸੋਮਵਾਰ ਨੂੰ ਕੌਮੀ ਰਾਜਧਾਨੀ ਦੀ ਸੰਕੇਤਕ ਘੇਰਾਬੰਦੀ ਕਰ ਕੇ ਫਰਾਂਸੀਸੀ ਰਾਜਦੂਤ ਨੂੰ ਦੇਸ਼ ਵਿੱਚੋਂ ਕੱਢਣ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੇ ਐਤਵਾਰ ਨੂੰ ਤਹਿਰੀਕ-ਏ-ਲਬਾਈਕ ਪਾਕਿ-ਸਤਾਨ (ਟੀ ਐੱਲ ਪੀ) ਦੇ ਅੱਗ-ਉਗਲਦੇ ਆਗੂ ਮੌਲਾਨਾ ਖਾਦਿਮ ਹੁਸੈਨ ਰਿਜ਼ਵੀ ਨੇ ਰਾਵਲਪਿੰਡੀ ਦੇ ਗੈਰੀਸਨ ਸਿਟੀ ਇਲਾਕੇ ਵਿਚ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਸੀ, ਜਿਸ ਦੌਰਾਨ ਪਥਰਾਅ ਕਰ ਰਹੇ ਟੀ ਐੱਲ ਪੀ ਪ੍ਰਦਰਸ਼ਨਕਾਰੀਆਂ ਨੂੰ ਕੰਟਰੋਲ ਕਰਨ ਦੇ ਲਈ ਦੰਗਾ ਪੁਲਿਸ ਨੂੰ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ ਸੀ। ਫਿਰ ਵੀ ਇਹ ਲੋਕ ਰਾਵਲਪਿੰਡੀ ਅਤੇ ਇਸਲਾਮਾਬਾਦ ਨੂੰ ਜੋੜਨ ਵਾਲੀ ਸੜਕ ਤਕ ਪੁੱਜਣ ਵਿਚ ਕਾਮਯਾਬ ਰਹੇ ਅਤੇ ਉਨ੍ਹਾਂ ਨੇ ਓਥੇ ਧਰਨਾ ਵੀ ਦਿੱਤਾ ਸੀ, ਪਰ ਧਰਨੇ ਵਿਚ ਰਿਜ਼ਵੀ ਖੁਦ ਸ਼ਾਮਲ ਨਹੀਂਸਨ ਹੋਏ। ਇਸ ਪਾਰਟੀ ਦੇ ਆਗੂਆਂ ਨੇ ਫਰਾਂਸੀਸੀ ਰਾਜਦੂਤ ਨੂੰ ਪਾਕਿਸਤਾਨ ਵਿੱਚੋਂ ਕੱਢਣ ਦੀ ਮੰਗ ਪੂਰੀ ਹੋਣ ਤਕ ਹਟਣ ਤੋਂ ਇਨਕਾਰ ਕਰ ਦਿੱਤਾ। ਟੀ ਐੱਲਪੀ ਗਰੁੱਪ ਸਾਲ 2017 ਵਿਚ ਓਦੋਂ ਸੁਰਖੀਆਂ ਵਿਚ ਆਇਆ ਸੀ, ਜਦੋਂ ਉਸ ਨੇ ਚੁਣੇ ਹੋਏ ਆਗੂਆਂ ਦੀ ਸਹੁੰ ਚੁੱਕਣ ਦੇ ਸਮੇਂ ਕੁਝ ਬਦਲਾਓ ਕਰਨ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕੀਤਾ ਸੀ। ਓਦੋਂ ਵੀ ਇਸ ਸੰਗਠਨ ਨੇ ਤਿੰਨ ਹਫ਼ਤੇ ਤਕ ਧਰਨਾ ਦਿੱਤਾ ਸੀ, ਜਿਸ ਨਾਲ ਇਸਲਾਮਾਬਾਦ ਦਾ ਜਨ-ਜੀਵਨ ਪ੍ਰਭਾਵਤ ਹੋ ਗਿਆ ਸੀ ਅਤੇ ਟੀ ਐੱਲ ਪੀ ਨੇ ਆਪਣਾ ਪ੍ਰਦਰਸ਼ਨ ਓਦੋਂ ਖ਼ਤਮ ਕੀਤਾ ਸੀ, ਜਦੋਂ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੀ ਸਰਕਾਰ ਨੇ ਕਾਨੂੰਨ ਮੰਤਰੀ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਉਸ ਵੇਲੇ ਵਿਰੋਧੀ ਧਿਰ ਦੇ ਆਗੂ ਵਜੋਂ ਇਮਰਾਨ ਖ਼ਾਨ ਨੇ ਟੀ ਐੱਲ ਪੀ ਦਾ ਸਮਰਥਨ ਕੀਤਾ ਸੀ,ਕਿਉਂਕਿ ਉਹ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੀ ਸਰਕਾਰ ਨੂੰ ਡੇਗਣਾ ਚਾਹੁੰਦੇ ਸਨ, ਪ੍ਰੰਤੂ ਸੱਤਾ ਵਿਚ ਆਉਣ ਦੇ ਬਾਅਦ ਉਨ੍ਹਾਂ ਨੂੰ ਵੀ ਉਸੇ ਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ ਹੈ।

# ਡੋਨਾਲਡ ਟਰੰਪ ਦੀ ਨਵੀਂ ਪਲਟੀ, ਚੋਣਾਂ ਵਿੱਚ ਮੈਂ ਹੀ ਜਿੱਤਿਆ ਹਾਂ

## * ਕਾਨੂੰਨੀ ਚੁਣੌਤੀ ਲਈ ਵੱਖ-ਵੱਖ ਰਾਜਾਂ ਵਿੱਚ ਟਰੰਪ ਟੀਮ ਸਰਗਰਮ



ਵਾਸ਼ਿੰਗਟਨ, 16 ਨਵੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਸਵੇਰੇ ਇੱਕ ਵਾਰ ਫਿਰ ਆਪਣੇ ਟਵਿੱਟਰ ਅਕਾਊਂਟ ਤੋਂ ਆਪਣੀ ਜਿੱਤ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਕ ਮੌਕੇ ਉੱਤੇਉਹ ਖੁਦ ਹੀ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡੇਨ ਦੀ ਜਿੱਤ ਮੰਨਣ ਦਾ ਬਿਆਨ ਦੇ ਚੁੱਕੇ ਹਨ। ਓਦੋਂ ਉਨ੍ਹਾਂ ਨੇ ਚੋਣਾਂ ਵਿਚ ਧੋਖਾਦੇਹੀ ਹੋਣ ਦੇ ਦਾਅਵੇ ਨਾਲ ਟਵਿੱਟਰ ਉੱਤੇ ਲਿਖਿਆ ਸੀ ਕਿ ਬਾਇਡੇਨ ਜਿੱਤ ਗਏ,ਕਿਉਂਕਿ ਚੋਣਾਂ ਵਿਚ ਧੋਖਾਦੇਹੀ ਹੋਈ ਹੈ। ਇਹ ਗੱਲ ਕਹਿਣ ਤੋਂ ਇਕ ਘੰਟਾ ਬਾਅਦ ਟਰੰਪ ਨੇ ਲਿਖ ਦਿੱਤਾ ਕਿ ਉਹ 3 ਨਵੰਬਰ ਨੂੰ ਹੋਈ ਵੋਟਾਂ ਦੀ ਗਿਣਤੀ ਨੂੰ ਪ੍ਰਵਾਨਨਹੀਂ ਕਰ ਰਹੇ। ਇਸ ਨਾਲ ਚੁਣੌਤੀ ਫਿਰ ਕਾਇਮ ਹੋ ਗਈ ਹੈ।

ਇਸ ਦੌਰਾਨ ਡੋਨਾਲਡ ਟਰੰਪ ਦੀ ਟੀਮ ਨੇ ਕੁਝ ਅਹਿਮ ਰਾਜਾਂ ਵਿਚ ਕੇਸ ਦਾਇਰ ਕੀਤੇ ਹਨ, ਪਰ ਆਪਣੇ ਦਾਅਵੇ ਨੂੰ ਸਹੀ ਸਾਬਤ ਕਰਨ ਲਈ ਕੋਈ ਸਬੂਤ ਪੇਸ਼ ਨਹੀਂ ਕੀਤੇ। ਅਜੇ ਤੱਕ ਦਾਇਰ ਕੀਤੇ ਸਾਰੇ ਕੇਸ ਅਸਫਲ ਰਹੇ ਹਨ ਅਤੇ ਬੀਤੇ ਸ਼ੁੱਕਰਵਾਰ ਚੋਣ ਅਧਿਕਾਰੀਆਂ ਨੇ ਸਾਫ ਕਿਹਾ ਸੀ ਕਿ ਅਮਰੀਕੀ ਇਤਿਹਾਸ ਵਿਚ ਇਹ ਸਭ ਤੋਂਵੱਧ ਸੁਰੱਖਿਅਤ ਚੋਣਾਂ ਹੋਈਆਂ ਹਨ ਅਤੇ ਅਜਿਹਾ ਕੋਈ ਸਬੂਤ ਨਹੀਂ, ਜਿਸ ਤੋਂ ਪਤਾ ਲੱਗੇ ਕਿ ਵੋਟਿੰਗ ਪ੍ਰਕਿਰਿਆ ਵਿਚ ਕਿਸੇ ਤਰ੍ਹਾਂ ਦੀ ਕੋਈ ਵੀ ਛੇੜਛਾੜ ਕੀਤੀ ਗਈ ਹੋਵੇ ਜਾਂ ਕਿਸੇ ਨੇ ਕੋਈ ਦਖਲ ਦਿੱਤਾ ਹੋਵੇ।

ਦੂਸਰੇ ਪਾਸੇ ਜੋਅ ਬਾਇਡੇਨ 'ਪ੍ਰੈਜ਼ੀਡੈਂਟ ਇਲੈਕਟ' ਬਣੇ ਹੋਏ ਹਨ। ਉਨ੍ਹਾਂ ਕੋਲ ਇਲੈਕਟੋਰਲ ਕਾਲਜ ਵਿਚ 306 ਵੋਟਾਂ ਹਨ, ਜਦ ਕਿ ਚੋਣ ਜਿੱਤਣ ਲਈ 270 ਵੋਟਾਂ ਦੀ ਲੋੜ ਹੁੰਦੀ ਹੈ। ਇਸ ਲਈ ਭਾਂਵੇ ਵੋਟਾਂ ਦੀ ਗਿਣਤੀ ਫਿਰ ਵੀ ਕਰ ਲਈ ਜਾਵੇ ਜਾਂ ਕੋਈ ਕਾਨੂੰਨੀ ਔਕੜ ਆਵੇ,ਇਨ੍ਹਾਂ ਚੋਣਾਂ ਦੇ ਮੂਲ ਨਤੀਜਿਆਂ ਦੇ ਬਦਲਾਅ ਦੀ ਸੰਭਾਵਨਾ ਨਹੀਂ ਦਿੱਸਦੀ। ਜੋਅ ਬਾਇਡੇਨ ਦੀ ਲੀਡਪਾਪੂਲਰ ਵੋਟਾਂ ਵਿਚ ਵੀ 50 ਲੱਖ ਤੋਂਵਧ ਚੁੱਕੀ ਹੈ। ਟਰੰਪ ਦੇ ਚੋਣਾਂ ਵਿਚ ਧੋਖਾਦੇਹੀ ਹੋਣ ਦੇ ਦਾਅਵੇ ਉੱਤੇਟਵਿੱਟਰ ਨੇ ਇਹਟਿੱਪਣੀ ਜੋੜ ਦਿੱਤੀ ਹੈ ਕਿ ਚੋਣਾਂ ਵਿਚ ਧੋਖਾਦੇਹੀ ਦਾ ਇਹ ਦਾਅਵਾ ਵਿਵਾਦਤ ਹੈ।

ਓਧਰ ਰਿਪਬਲੀਕਨ ਪਾਰਟੀ ਵੱਲੋਂ ਉਮੀਦਵਾਰ ਡੋਨਾਲਡ ਟਰੰਪ ਦੇ ਪ੍ਰਚਾਰ ਦਾ ਕੰਮ ਸੰਭਾਲ ਰਹੀ ਟੀਮ ਨੇ ਉਨ੍ਹਾਂ ਅਮਰੀਕੀ ਰਾਜਾਂ ਵਿਚ ਚੋਣ ਪਟੀਸ਼ਨਾਂ ਪੇਸ਼ ਕੀਤੀਆਂ ਹਨ, ਜਿਥੇ ਮੁਕਾਬਲਾ ਸਖਤ ਸੀ। ਇਨ੍ਹਾਂ ਕੇਸਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਵੋਟਾਂ ਦੀ ਗਿਣਤੀ ਲਈਰਿਪਬਲਿਕਨ ਪਾਰਟੀ ਵੱਲੋਂਮਿਥੇ ਸਰਵੇਅਰਾਂ ਨੂੰ ਗਿਣਤੀ ਦੀ ਪ੍ਰਕਿਰਿਆ ਦੇਖਣ ਤੋਂ ਰੋਕਿਆ ਗਿਆ, ਪਰ ਚੋਣ ਅਧਿਕਾਰੀਆਂ ਨੇ ਇਸ ਤੋਂ ਇਨਕਾਰ ਕਰਦੇ ਹੋਏ ਦਾਅਵਾ ਕੀਤਾ ਹੈ ਕਿ ਨਿਯਮਾਂ ਮੁਤਾਬਕ ਹੀ ਹਰ ਕੰਮ ਕੀਤਾ ਗਿਆ ਸੀ ਅਤੇ ਕੋਈ ਗਲਤ ਗੱਲ ਨਹੀਂ ਹੋਣ ਦਿੱਤੀ ਗਈ।


# ਭਾਰਤੀ ਰੇਲ ਮੰਤਰਾਲੇ ਨੇ ਪੰਜਾਬ ਦੇ ਕਿਸਾਨਾਂ ਉੱਤੇ ਚੁੱਪ-ਚੁਪੀਤੇ ਕੇਸ ਦਰਜ ਕਰਵਾਏ

## * ਪੰਜਾਬ ਸਰਕਾਰ ਨੂੰ ਜਾਣਕਾਰੀ ਵੀ ਨਹੀਂ ਦਿੱਤੀ ਗਈ



ਚੰਡੀਗੜ੍ਹ, 16 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਸੁਧਾਰ ਬਿੱਲਾਂ ਦੇ ਵਿਰੁੱਧ ਕਿਸਾਨ ਜਥੇਬੰਦੀਆਂ ਦਾ ਸੰਘਰਸ਼ ਲਗਾਤਾਰ ਜਾਰੀ ਹੈ, ਪਰ ਇਸ ਦੌਰਾਨ ਕਿਸਾਨ ਜਥੇਬੰਦੀਆਂ ਦੀ ਇੱਕੋ ਮੰਗ ਹੋਰ ਜੁੜ ਗਈ ਹੈ ਕਿ ਬੀਤੇ ਦਿਨਾਂ ਵਿੱਚ ਕਿਸਾਨ ਵਰਕਰਾਂ ਉੱਤੇ ਦਰਜ ਕੀਤੇ ਸਾਰੇ ਕੇਸ ਰੱਦ ਕੀਤੇ ਜਾਣ। ਕਿਸਾਨ ਜਥੇਬੰਦੀਆਂ ਦੀ ਇਸ ਮੰਗ ਬਾਰੇ ਪੰਜਾਬ ਸਰਕਾਰ ਕੁਝ ਕਰਨ ਤੋਂ ਅਸਮਰਥ ਹੈ, ਕਿਉਂਕਿ ਉਸ ਕੋਲ ਇਸ ਗੱਲ ਦੀ ਕੋਈ ਜਾਣਕਾਰੀ ਹੀ ਨਹੀਂ ਕਿ ਰੇਲਵੇ ਵਿਭਾਗ ਨੇ ਕਿੰਨੇ ਕਿਸਾਨਾਂ ਉੱਤੇ ਅਤੇ ਕਿੱਥੇ-ਕਿੱਥੇ ਕੇਸ ਦਰਜ ਕਰਾਏ ਹਨ। ਰੇਲਵੇ ਵਿਭਾਗ ਇਸ ਬਾਰੇ ਪੰਜਾਬ ਸਰਕਾਰ ਨੂੰ ਕੋਈ ਜਾਣਕਾਰੀ ਨਹੀਂਦੇਰਿਹਾ ਅਤੇ ਕਿਸਾਨ ਇਹ ਪਰਚੇ ਰੱਦ ਕਰਨ ਦੀ ਮੰਗ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਕਿਸਾਨ ਜਥੇਬੰਦੀਆਂ ਨੇ ਰੇਲਵੇ ਵਿਭਾਗ ਵੱਲੋਂ ਦਰਜ ਕਰਵਾਏ ਗਏ ਇਨ੍ਹਾਂ ਕੇਸਾਂ ਬਾਰੇ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਤਿੰਨ ਮੰਤਰੀਆਂ ਦੀ ਕਮੇਟੀ ਨੂੰ ਦੱਸਿਆ ਹੈ। ਪੰਜਾਬ ਦੇ ਗ੍ਰਿਹ ਵਿਭਾਗ ਨੇ ਇਸ ਬਾਰੇ ਕੇਂਦਰ ਦੇ ਗ੍ਰਿਹ ਮੰਤਰਾਲੇ ਨੂੰ ਦੋ ਵਾਰੀ ਚਿੱਠੀ ਲਿਖੀ ਹੈ, ਪਰ ਰੇਲ ਮੰਤਰਾਲੇ ਨੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ। ਏਧਰ ਰਾਜ ਸਰਕਾਰ ਕੋਲ ਜਾਣਕਾਰੀ ਨਹੀਂ, ਜਦ ਕਿ ਅਮਨ-ਕਾਨੂੰਨ ਰਾਜ ਸਰਕਾਰ ਦਾ ਵਿਸ਼ਾ ਹੋਣ ਕਾਰਨ ਇਸ ਨੂੰ ਜਾਣਕਾਰੀ ਲੈਣ ਦਾ ਕਾਨੂੰਨੀ ਹੱਕ ਹੈ ਤੇ ਉਹ ਰੇਲਵੇ ਵੱਲੋਂ ਦਰਜ ਕੀਤੇ ਕੇਸਾਂ ਨੂੰ ਰੱਦਵੀ ਕਰ ਸਕਦੀ ਹੈ। ਕਿਸਾਨ ਜਥੇਬੰਦੀਆਂ ਵੱਲੋਂਰਾਜ ਸਰਕਾਰ ਉੱਤੇ ਇਹ ਕੇਸ ਰੱਦ ਕਰਨ ਦਾਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਗ੍ਰਿਹ ਵਿਭਾਗ ਦੇ ਸੀਨੀਅਰ ਅਫ਼ਸਰਾਂ ਦਾ ਕਹਿਣਾ ਹੈ ਕਿ ਮੁੱਦਾ ਰੇਲਵੇ ਵਜ਼ਾਰਤ ਦਾ ਹੋਣ ਕਰ ਕੇ ਉਹ ਸਿਰਫ਼ ਜਾਣਕਾਰੀ ਮੰਗ ਸਕਦੇ ਹਨ ਅਤੇ ਇਸ ਦੇ ਯਤਨ ਵੀ ਕੀਤੇ ਹਨ, ਪਰ ਰੇਲ ਮੰਤਰਾਲੇ ਨੇ ਜਵਾਬ ਨਹੀਂ ਭੇਜਿਆ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਭਾਵੇਂ ਇਹ ਕੇਸ ਰੇਲਵੇ ਨੇ ਦਰਜ ਕੀਤੇ ਹਨ, ਪਰ ਰਾਜ ਸਰਕਾਰ ਨੂੰ ਇਹ ਸਾਰੇ ਕੇਸ ਰੱਦ ਕਰਾਉਣ ਲਈ ਦਬਾਅ ਪਾਉਣਾ ਚਾਹੀਦਾ ਹੈ।












# ਇਤਿਹਾਸਿਕ ਗੁਰਦੁਆਰਾ ਸਾਹਿਬ ਵਿੱਚ ਬਣੀ ਕਬਰ ਦੀ ਭੰਨ-ਤੋੜ

### *ਸ਼੍ਰੋਮਣੀ ਕਮੇਟੀ ਨੇ ਸਤਿਕਾਰ ਕਮੇਟੀ ’ਤੇ ਕੇਸ ਦਰਜ ਕਰਾਇਆ



ਫਤਿਹਗੜ੍ਹ ਸਾਹਿਬ, 16 ਨਵੰਬਰ (ਪੋਸਟ ਬਿਊਰੋ)- ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਦੇ ਅੰਤਿਮ ਸੰਸਕਾਰ ਵਾਲੀ ਥਾਂ ਬਣੇ ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਲੰਗਰ ਹਾਲ ਦੇ ਨਾਲ ਬਣੀ ਕਬਰ ਨੂੰ ਹਥੌੜਿਆਂ ਨਾਲ ਤੋੜਨ ਦੀ ਖਬਰ ਪਤਾ ਲੱਗੀ ਹੈ। ਸਦੀਆਂ ਤੋਂ ਸਮਾਜ ’ਚ ਧਾਰਮਿਕ ਏਕਤਾ ਦੀ ਮਿਸਾਲ ਪੇਸ਼ ਕਰ ਰਹੀ ਇਸ ਕਬਰ ਨੂੰ ਦੀਵਾਲੀ ਤੋਂ ਪਹਿਲੀ ਰਾਤ ਤੋੜ ਦਿੱਤਾ ਗਿਆ ਹੈ।

ਇਸ ਘਟਨਾ ਦੀ ਵੀਡੀਓ ਸਾਹਮਣੇ ਆਉਣਤੋਂ ਬਾਅਦ ਕੱਲ੍ਹ ਫਤਿਹਗੜ੍ਹ ਸਾਹਿਬ ਥਾਣੇ ’ਚ ਗੁਰਦੁਆਰਾ ਸਾਹਿਬ ਦੇ ਉਪ-ਮੈਨੇਜਰ ਬਲਵਿੰਦਰ ਸਿੰਘ ਦੀ ਸ਼ਿਕਾਇਤ ’ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿੱਚ ਸਤਿਕਾਰ ਕਮੇਟੀ ਦੇ ਮੈਂਬਰ ਸੁਖਜੀਤ ਸਿੰਘ ਖੋਸਾ ਪਿੰਡ ਖੋਸਾ ਜ਼ਿਲ੍ਹਾ ਕਪੂਰਥਲਾ ਅਤੇ ਉਸ ਦੇ ਦੋ ਹੋਰ ਅਣਪਛਾਤੇ ਸਾਥੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾ-ਬਕ ਸ਼ੁੱਕਰਵਾਰ ਰਾਤ ਕਰੀਬ ਅੱਠ ਵਜੇ ਸਤਿਕਾਰ ਕਮੇਟੀ ਮੈਂਬਰ ਸੁਖਜੀਤ ਸਿੰਘ ਖੋਸਾ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਪਹੁੰਚੇ, ਜਿੱਥੇ ਖੋਸਾ ਅਤੇ ਉਸ ਦੇ ਸਾਥੀਆਂ ਨੇ ਹਥੌੜਿਆਂ ਨਾਲ ਲੰਗਰ ਹਾਲ ਦੇ ਕੋਲ ਬਣੀ ਕਬਰ ਨੂੰ ਤੋੜਨਾ ਸ਼ੁਰੂ ਕਰ ਦਿੱਤਾ। ਕਰੀਬ ਅੱਠ ਮਿੰਟ ਤੱਕ ਸਾਰੇ ਕਬਰ ਨੂੰ ਤੋੜਦੇ ਰਹੇ। ਇਸ ਦੌਰਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਕਰਮ ਸਿੰਘ ਅਤੇ ਗੁਰ-ਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਉਪ ਮੈਨੇਜਰ ਬਲਵਿੰਦਰ ਸਿੰਘ ਨੇ ਉਨ੍ਹਾਂ ਨੂੰ ਕਬਰ ਤੋੜਨ ਤੋਂ ਰੋਕਿਆ, ਪਰ ਉਹਨਹੀਂ ਹਟੇ। ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖ ਕੇ ਸ਼ੁੱਕਰਵਾਰ ਦੇਰ ਰਾਤ ਹੀ ਕਬਰ ਨੂੰ ਦੁਬਾਰਾ ਬਣਵਾਇਆ ਅਤੇ ਫਿਰ ਕਬਰ ’ਤੇ ਚਾਦਰ ਚੜ੍ਹਾਈ ਗਈ। ਉਨ੍ਹਾਂ ਵਿਅਕਤੀਆਂ ਵੱਲੋਂਇਸ ਘਟਨਾ ਦੀ ਵੀਡੀਓ ਵਾਇਰਲ ਕਰਨ ਤੋਂ ਬਾਅਦ ਐਸ ਜੀ ਪੀ ਸੀ ਨੇ ਕਾਨੂੰਨੀ ਕਾਰਵਾਈ ਕੀਤੀ ਹੈ।ਅਕਾਲੀ ਦਲ (ਬਾਦਲ) ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਚੀਮਾ ਨੇ ਇਸ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਕਬਰ ਲੰਗਰ ਹਾਲ ਦੇ ਕੋਲ ਬਣੀ ਹੋਈ ਸੀ, ਜਿਸ ਨੂੰ ਕਦੇ ਕਿਸੇ ਨੇ ਹਟਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਕਿਉਂਕਿ ਇਹ ਧਾਰਮਿਕ ਏਕਤਾ ਦੀ ਮਿਸਾਲ ਪੇਸ਼ ਕਰਦੀ ਸੀ। ਉਨ੍ਹਾਂ ਕਿਹਾ ਕਿ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਗਲਤ ਹੈ।

## ਸ਼੍ਰੋਮਣੀ ਕਮੇਟੀ ਦਫਤਰ ਅੱਗੇ ਝੜਪ ਮਾਮਲੇ ਵਿਚ ਅਦਾਲਤ ਵੱਲੋਂ ਨੇੜਲੀਆਂ ਦੁਕਾਨਾਂ ਦੀ ਸੀ ਸੀ ਟੀ ਵੀ ਫੁਟੇਜ ਵੇਖਣ ਦਾ ਹੁਕਮ



ਅੰਮ੍ਰਿਤਸਰ, 16 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਇੱਕ ਸਥਾਨਕ ਅਦਾਲਤ ਨੇ ਪੁਲਸ ਨੂੰ ਆਦੇਸ਼ ਦਿੱਤੇ ਹਨ ਕਿ ਬੀਤੀ 24 ਅਕਤੂਬਰ ਨੂੰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਅਤੇ ਰੋਸ ਪ੍ਰਦਰਸ਼ਨ ਕਰਦੇ ਲੋਕਾਂ ਵਿਚਾਲੇ ਹੋਏ ਝਗੜੇ ਦੀ ਘਟਨਾ ਬਾਰੇਗੁਰੂ ਘਰ ਨੇੜਲੀਆਂ ਦੁਕਾਨਾਂ ਤੇ ਇਮਾਰਤਾਂ ਆਦਿ ਵਿਚਲੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰਨ ਦਾ ਹੁਕਮ ਜਾਰੀ ਕੀਤਾ ਹੈ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਲਾਪਤਾ ਹੋਏ ਪਾਵਨ ਸਰੂਪਾਂ ਦੇ ਕੇਸ ਵਿੱਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਨੇੜੇ ਧਰਨਾ ਦੇਂਦੀਆਂ ਸਿੱਖ ਜਥੇਬੰਦੀਆਂ ਦੇ ਵਰਕਰਾਂ ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਹੋਰ ਸਟਾਫ ਵਿਚਾਲੇ 24 ਅਕਤੂਬਰ ਨੂੰ ਓਦੋਂ ਝੜਪ ਹੋਈ ਸੀ,ਜਦੋਂਰੋਸ ਕਰਤਿਆਂ ਵਿੱਚੋਂ ਇੱਕ ਸਿੱਖ ਆਗੂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਦੋ ਦਰਵਾਜ਼ਿਆਂ ਨੂੰ ਤਾਲੇ ਲਾ ਦਿੱਤੇ ਤੇ ਇਸ ਦੇ ਕਰਮਚਾਰੀਆਂ ਨੂੰ ਬਾਹਰ ਆਉਣ ਤੋਂ ਰੋਕ ਦਿੱਤਾ ਸੀ। ਇਸ ਝਗੜੇ ਵਿੱਚ ਦੋਵਾਂ ਧਿਰਾਂ ਦੇ ਇੱਕ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋਏ ਅਤੇ ਦੋਵਾਂ ਧਿਰਾਂ ਖ਼ਿਲਾਫ਼ ਕਰਾਸ ਕੇਸ ਵੀ ਦਰਜ ਹੋਇਆ ਸੀ। ਇਸ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਸਤਿਕਾਰ ਕਮੇਟੀ ਦੇ ਆਗੂ ਬਲਬੀਰ ਸਿੰਘ ਮੁੱਛਲ ਨੇ ਆਪਣੇ ਵਕੀਲ ਐਸ ਐਸ ਸੇਠੀ ਰਾਹੀਂ ਸਥਾਨਕ ਅਦਾਲਤ ਵਿੱਚ ਅਰਜ਼ੀ ਪੇਸ਼ ਕਰਕੇ ਇਸ ਬਾਰੇ ਦਰਜ ਪੁਲਸ ਕੇਸ ਨੂੰ ਗ਼ਲਤ ਕਿਹਾ ਸੀ। ਉਨ੍ਹਾਂ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਉਸ ਦਿਨ ਦੀ ਫੁਟੇਜ ਦੇਖੀ ਜਾਵੇ। ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੁਲਸ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਉਸ ਦਿਨ ਦੀ ਫੁਟੇਜ ਕਿਸੇ ਤਕਨੀਕੀ ਨੁਕਸ ਕਾਰਨ ਰਿਕਾਰਡ ਨਹੀਂ ਹੋ ਸਕੀ। ਇਸ ਪਿੱਛੋਂ ਅਪੀਲਕਰਤਾ ਨੇ ਨੇੜੇ ਦੀਆਂ ਇਮ-ਾਰਤਾਂ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਦੀ ਮੰਗ ਕੀਤੀ ਤਾਂਜੱਜ ਨੇ ਇਨ੍ਹਾਂ ਇਮਾਰਤਾਂ ਉਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਪੜਤਾਲ ਕਰਨ ਦੇ ਹੁਕਮ ਦੇ ਦਿੱਤੇ ਹਨ।

## ਦੀਵਾਲੀ ਦੀ ਰਾਤ ਸੜਕ ਹਾਦਸੇ ਵਿੱਚ ਮਹਿਲਾ ਸਮੇਤ ਵਕੀਲ ਕਾਰ ਵਿੱਚ ਜਿੰਦਾ ਸੜਿਆ

ਹੁਸ਼ਿਆਰਪੁਰ, 16 ਨਵੰਬਰ, (ਪੋਸਟ ਬਿਊਰੋ)- ਦੀਵਾਲੀ ਦੀ ਰਾਤ ਪੁਰ-ਹੀਰਾਂ ਬਾਈਪਾਸ ਨੇੜੇ ਕਾਰ ਨੂੰ ਅੱਗ ਲੱਗਣ ਨਾਲ ਭਾਜਪਾ ਨੇਤਾ ਅਤੇ ਸ਼ਹਿਰ ਦੇ ਪ੍ਰਸਿੱਧ ਸੀਨੀਅਰ ਵਕੀਲ ਭਗਵੰਤ ਕਿਸ਼ੋਰ ਗੁਪਤਾ ਅਤੇ ਉਨ੍ਹਾਂ ਦੀ ਜੂਨੀਅਰ ਵਕੀਲ ਸੀਆ ਖੁੱਲਰ ਦੀ ਕਾਰ ਵਿੱਚਜਿੰਦਾ ਸੜ ਜਾਣ ਨਾਲ ਮੌਤ ਹੋ ਗਈ। ਪੁਲਸ ਨੇ ਸੂਚਨਾ ਮਿਲਦੇ ਸਾਰ ਹੀ ਮੌਕੇ ਉੱਤੇ ਪਹੁੰਚ ਕੇ ਬਚਾਅ ਕਾਰਜ ਕੀਤੇ ਅਤੇ ਫਾਇਰ ਬ੍ਰਿਗੇਡ ਨੇ ਓਥੇ ਪਹੁੰਚ ਕੇ ਅੱਗ ਉੱਤੇ ਕਾਬੂ ਪਾਇਆ।

ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਮਹਿਲਾ ਸੀਆ ਦੇ ਪਤੀ ਸੁਭਾਸ਼ ਚੰਦਰ ਖੁੱਲਰ ਨੇ ਨੋਇਡਾ ਜਾਣਾ ਸੀ ਅਤੇ ਉਹ ਦੋਵੇਂ ਉਸ ਨੂੰ ਛੱਡਣ ਬਾਈਪਾਸ ਤੱਕ ਗਏ ਸਨ। ਪੁਰ-ਹੀਰਾਂ ਬਾਈਪਾਸ ਤੋਂਜਦੋਂ ਉਹ ਕਿਸੇ ਨੂੰ ਤੋਹਫ਼ਾ ਦੇ ਕੇ ਚੰਡੀਗੜ੍ਹ ਵੱਲ ਮੁੜੇ ਤਾਂ ਥੋੜ੍ਹਾ ਅੱਗੇ ਜਾ ਕੇ ਉਨ੍ਹਾਂ ਦੀ ਗੱਡੀ ਰੁੱਖ ਨਾਲ ਜਾ ਵੱਜੀ। ਇਸ ਹਾਦਸੇ ਕਾਰਨ ਗੱਡੀ ਨੂੰ ਅੱਗ ਲੱਗ ਗਈ ਤੇਦੋਵਾਂ ਦੇ ਬਾਹਰ ਨਿਕਲਣ ਤੋਂ ਪਹਿਲਾਂ ਅੱਗ ਦੀਆਂ ਲਪਟਾਂ ਵਧ ਜਾਣ ਕਾਰਨ ਦੋਵੇਂ ਅੱਗ ਦੀ ਲਪੇਟ ਵਿੱਚ ਆ ਗਏ। ਦੋਵਾਂ ਦੀ ਬੁਰੀ ਤਰ੍ਹਾਂ ਨਾਲ ਸੜ ਜਾਣ ਕਰਕੇ ਮੌਤ ਹੋ ਗਈ।

ਇਸ ਹਾਦਸੇ ਦੀ ਸੂਚਨਾ ਮਿਲਣ ਮਗਰੋਂ ਐੱਸ ਪੀ (ਐੱਚ) ਆਰ ਪੀ ਐੱਸ ਸੰਧੂ ਅਤੇ ਹੋਰ ਪੁਲਸ ਵਾਲੇ ਪਹੁੰਚੇ ਤੇ ਬਚਾਅ ਕਾਰਜ ਕਰਨ ਦਾ ਯਤਨ ਕੀਤਾ, ਪਰ ਕੋਈ ਲਾਭ ਨਹੀਂ ਹੋ ਸਕਿਆ। ਹਾਦਸਾ ਦੀਵਾਲੀ ਦੀ ਰਾਤ ਕਰੀਬ 10 ਵਜੇ ਹੋਇਆ ਦੱਸਿਆ ਗਿਆ ਹੈ। ਐੱਸ ਪੀ, ਆਰ ਪੀ ਐੱਸ ਸੰਧੂ ਨੇ ਦੱਸਿਆ ਕਿ ਰਾਤ ਕਰੀਬ ਸਵਾ 10 ਵਜੇ ਸੂਚਨਾ ਮਿਲੀ ਕਿ ਉਸ ਸਥਾਨ ਉੱਤੇ ਕਾਰ ਨੂੰ ਅੱਗ ਲੱਗ ਗਈ ਹੈ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਅਤੇ ਪੁਲਸ ਨੇ ਪਹੁੰਚ ਕੇ ਰਾਹਤ ਦਾ ਕੰਮ ਸ਼ੁਰੂ ਕਰ ਦਿੱਤਾ, ਪਰ ਉਦੋਂ ਤੱਕ ਦੋਵੇਂ ਜਿੰਦਾ ਸੜ ਚੁੱਕੇ ਸਨ। ਉਨ੍ਹਾਂ ਦੱਸਿਆ ਕਿ ਐਡਵੋਕੇਟ ਭਗਵੰਤ ਗੁਪਤਾ ਨੇ ਸੀਆ ਨੂੰ ਆਪਣੀ ਧੀ ਬਣਾਇਆ ਸੀ ਅਤੇ ਦੋਵੇਂ ਪੂਜਾ ਕਰਨ ਪਿੱਛੋਂ ਕਿਸੇ ਨੂੰ ਤੋਹਫ਼ਾ ਦੇ ਕੇ ਵਾਪਸ ਆ ਰਹੇ ਸਨ।

## ਇਰਾਦਾ ਕਤਲ ਦੇ ਕੇਸ ’ਚ ਜਲੰਧਰ ਕੈਂਟ ਦਾ ਕੌਂਸਲਰ ਅਟਵਾਲ ਗ੍ਰਿਫ਼ਤਾਰ

ਜਲੰਧਰ, 16 ਨਵੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਜਲੰਧਰ ਛਾਉਣੀ ਦੇ ਬਾਜ਼ਾਰ ਵਿੱਚ ਆਪਣੀ ਪਤਨੀ ਅਤੇ ਬੇਟੇ ਨਾਲ ਖਰੀਦਦਾਰੀ ਕਰਦੇ ਇੱਕ ਵਿਅਕਤੀ ਬਿਕਰਮ ਉਰਫ ਮੰਮ ਉਤੇ ਤੇਜ਼ਧਾਰ ਹਥਿਆਰਾਂ ਅਤੇ ਖੁਦ ਤੇ ਹੋਰਨਾਂ ਸਾਥੀਆਂ ਨਾਲ ਹਮਲਾ ਕਰਨ ਵਾਲੇ ਕੌਂਸਲਰ ਭਰਤ ਅਟਵਾਲ ਜੌਲੀ ਨੂੰ ਥਾਣਾ ਕੈਂਟ ਦੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਸ ਬਾਰੇ ਏ ਸੀ ਪੀ ਜਲੰਧਰ ਕੈਂਟ ਮੇਜਰ ਸਿੰਘ ਢੱਡਾ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ’ਚ ਪੇਸ਼ ਕੀਤਾ ਸੀ, ਜਿੱਥੇ ਅਦਾਲਤ ਨੇ ਉਸ ਦਾ ਦੋ ਦਿਨ ਦਾ ਰਿਮਾਂਡ ਦਿੱਤਾ ਹੈ, ਜਿਸ ਦੌਰਾਨ ਉਸ ਤੋਂ ਉਸ ਦੇ ਸਾਥੀਆਂ ਬਾਰੇ ਪੁੱਛਗਿੱਛ ਕੀਤੀ ਜਾਵੇਗੀ ਅਤੇ ਹਥਿਆਰਾਂ ਦੀ ਬਰਾਮਦਗੀ ਵੀ ਅਜੇ ਕੀਤੀ ਜਾਣੀ ਹੈ। ਮੇਜਰ ਸਿੰਘ ਢੱਡਾ ਨੇ ਕਿਹਾ ਕਿ ਕਿਸੇ ਨੂੰ ਕਾਨੂੰਨ ਹੱਥ ’ਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਗਲਤ ਅਨਸਰਾਂ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਇਸਕੇਸ ’ਚ ਪੀੜਤ ਧਿਰ ਨੂੰ ਭਰੋਸਾ ਦਿੱਤਾ ਕਿ ਪਰਵਾਰ ਨੂੰ ਕਿਸੇ ਵੀ ਤਰ੍ਹਾਂ ਡਰਨ ਦੀ ਲੋੜ ਨਹੀਂ, ਪੁਲਸ ਉਨ੍ਹਾਂ ਦੇ ਨਾਲ ਹੈ। ਵਰਨਣ ਯੋਗ ਹੈ ਕਿ ਉਕਤਕੌਂਸਲਰਹਾਕਮ ਧਿਰ ਦੇ ਇੱਕ ਵਿਧਾਇਕ ਦੇ ਕਾਫੀ ਨੇੜੇ ਦੱਸਿਆ ਜਾ ਰਿਹਾ ਹੈ। ਇਸ ਬਾਰੇ ਵਿਧਾਇਕ ਨੂੰ ਸ਼ਿਕਾਇਤ ਵੀ ਕੀਤੀ ਗਈ ਦੱਸੀ ਜਾਂਦੀ ਹੈ, ਪਰ ਉਨ੍ਹਾਂਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ।

# ਦੀਵਾਲੀ ਮੌਕੇ ਜਥੇਦਾਰ ਅਕਾਲ ਤਖ਼ਤ ਵੱਲੋਂ ਸਿੱਖਾਂ ਨੂੰ ਕਿਸਾਨਾਂ ਦੇ ਸੰਘਰਸ਼ ਵਿਚ ਸਾਥ ਦੇਣ ਦਾ ਸੰਦੇਸ਼



ਅੰਮ੍ਰਿਤਸਰ, 16 ਨਵੰਬਰ, (ਪੋਸਟ ਬਿਊਰੋ)- ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਬੰਦੀ ਛੋੜ ਦਿਵਸ ਇਸ ਵਾਰ ਵੀ ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਿਵਾਇਤੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਰਿਵਾਇਤ ਅਨੁਸਾਰ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰ ਕੇ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਲਈ ਕਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਨਾਂ ਦਿੱਤੇ ਸੰਦੇਸ਼ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਇਤਿਹਾਸ ਦੇ ਹਵਾਲਿਆਂ ਨਾਲ ਸੰਦੇਸ਼ ਦੇਂਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹਰ ਪੱਧਰ ਉੱਤੇ ਆਵਾਜ਼ ਉਠਾਈ ਤੇ ਲੋੜ ਪੈਣ ਉੱਤੇ ਆਪਣੀ ਸ਼ਹਾਦਤਾਂ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ ਛੇਵੇਂ ਗੁਰੂ ਸਾਹਿਬ ਨੇ ਮੀਰੀ-ਪੀਰੀ ਦੀ ਪ੍ਰੰਪਰਾ ਅਨੁਸਾਰ ਭਗਤੀ ਦੇ ਨਾਲ ਸ਼ਕਤੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਸੀ। ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਸਿੱਖ ਕੌਮ ਨੂੰ ਇਸ ਸਮੇਂ ਦੀਆਂ ਚੁਣੌਤੀਆਂ ਦਾ ਗੁਰਮਤਿ ਦੀ ਰੌਸ਼ਨੀ ਵਿਚ ਮੁਕਾਬਲਾ ਕਰਨ ਦੇ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਜਦੋਂ ਦੇਸ਼ ਵਿੱਚ ਧਰਮ, ਭਾਸ਼ਾ, ਰਾਜਨੀਤੀ, ਆਰਥਿਕਤਾ, ਸਿੱਖਿਆ ਅਤੇ ਸੱਭਿਆਚਾਰ ਵਾਲੀ ਕੁਦਰਤੀ ਵੰਨ-ਸੁਵੰਨਤਾ ਖ਼ਤਮ ਕਰਕੇ ਇਕਸਾਰਤਾ ਲਿਆਉਣ ਦੇ ਨਾਂ ਹੇਠ ਜਬਰ ਅਤੇ ਵਿਤਕਰੇ ਦੀ ਲਹਿਰ ਤੇਜ਼ ਹੋਣ ਲੱਗੀ ਹੈ, ਜਦੋਂ ਘੱਟ-ਗਿਣਤੀਆਂ, ਅਨੁਸੂਚਿਤ ਗਰੁੱਪਾਂ ਤੇ ਆਦਿਵਾਸੀਆਂ ਸਮੇਤ ਹਰ ਆਮ ਨਾਗਰਿਕ ਦੇ ਬੋਲਣ, ਪੜ੍ਹਨ ਅਤੇ ਲਿਖਣ ਦੇ ਹੱਕ ਖੋਹੇ ਜਾ ਰਹੇ ਹੋਣ, ਜਦੋਂ ਅਸਹਿਮਤੀ ਦੀ ਆਵਾਜ਼ ਨੂੰ ਰਾਜਸੀ ਤਾਕਤ ਦੇ ਜ਼ੋਰ ਨਾਲ ਬੰਦ ਕਰਾਇਆ ਜਾ ਰਿਹਾ ਹੋਵੇ, ਨਵੇਂ-ਨਵੇਂ ਕਾਨੂੰਨ ਲਿਆ ਕੇ ਬੁੱਧੀਜੀਵੀਆਂ ਸਣੇ ਆਮ ਨਾਗਰਿਕਾਂ ਨੂੰ ਜੇਲ੍ਹਾਂ ਵਿਚ ਤਾੜਨ ਦੀ ਪ੍ਰਕਿਰਿਆ ਦਾ ਵਾਧਾ ਹੋ ਰਿਹਾ ਹੋਵੇ, ਜਦੋਂ 35-35 ਸਾਲਾਂ ਤੋਂ ਸਿੱਖ ਕੈਦੀਆਂ ਨੂੰ ਜੇਲ੍ਹਾਂ ਵਿਚ ਬੰਦੀ ਬਣਾ ਕੇ ਰੱਖਿਆ ਗਿਆ ਹੋਵੇ ਤਾਂਇਹ ਅਹਿਸਾਸ ਹੋਰ ਵੀ ਵਧ ਜਾਂਦਾ ਹੈ।

ਕਿਸਾਨਾਂ ਦੇ ਮੌਜੂਦਾ ਸੰਘਰਸ਼ ਬਾਰੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਖਿਆ ਕਿ ਅੱਜ ਕਿਸਾਨ, ਬਜ਼ੁਰਗ, ਬੱਚੇ, ਬੀਬੀਆਂ ਭੈਣਾਂ ਤੇ ਨੌਜਵਾਨ ਆਪਣੇ ਵਿਰਾਸਤੀ ਹੱਕਾਂ ਦੀ ਲੜਾਈ ਲਈ ਮੈਦਾਨ ਵਿਚ ਹਨ। ਜਥੇਦਾਰ ਨੇ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦੇਣ ਦੇ ਹਵਾਲੇ ਨਾਲ ਇਹ ਕਿਹਾ ਕਿ ਅੱਜ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਉਪਜ ਉੱਤੇ ਸਰਮਾਏਦਾਰੀ ਧਿਰ ਨੂੰ ਮਜ਼ਬੂਤ ਕਰਨ ਲਈ ਮੌਜੂਦਾ ਹੁਕਮ-ਰਾਨ ਯਤਨਸ਼ੀਲ ਹੈ। ਉਨ੍ਹਾਂ ਨੇ ਖ਼ਾਲਸਾ ਪੰਥ ਨੂੰ ਕਿਸਾਨ ਅੰਦੋਲਨ ਦੇ ਹੱਕ ਵਿਚ ਢਾਲ ਬਣ ਕੇ ਅੱਗੇ ਆਉਣ ਲਈ ਕਿਹਾ।

# ਓਲਾ ਕੈਬ ਵਾਲੇ ਨੂੰ ਬੰਦੀ ਬਣਾ ਕੇ ਗੰਨ ਪੁਆਇੰਟ ’ਤੇ ਕਾਰ ਲੁੱਟੀ



ਜਲੰਧਰ, 16 ਨਵੰਬਰ (ਪੋਸਟ ਬਿਊਰੋ)- ਦੀਵਾਲੀ ਤੋਂ ਇੱਕ ਦਿਨ ਪਹਿਲਾਂ ਜਲੰਧਰ ਦੇ ਇੱਕ ਓਲਾ ਕੈਬ ਡਰਾਈਵਰ ਤੋਂ ਰਈਆ ਦੇ ਨੇੜੇ ਲੁਟੇਰੇ ਗੰਨ ਪੁਆਇੰਟ ’ਤੇ ਉਸ ਦੀ ਕਾਰ ਲੁੱਟ ਕੇ ਲੈ ਗਏ। ਵਾਰਦਾਤ ਕਰਨ ਤੋਂ ਪਹਿਲਾਂ ਲੁਟੇਰਿਆਂ ਨੇ ਕਾਰ ਚਾਲਕ ਨੂੰ ਬੰਦੀ ਬਣਾਇਆ ਅਤੇ ਫਿਰ ਉਸ ਨੂੰ ਰਈਆ ਨੇੜੇ ਸੁੱਟ ਗਏ। ਇਸ ਤੋਂ ਪਹਿਲਾਂ ਮੈਸੇਜ ਰਾਹੀਂ ਲੁਟੇਰਿਆਂ ਨੇ ਕਾਰ ਬੁੱਕ ਕਰਵਾਈ ਅਤੇ ਉਸ ਨੂੰ ਕਰਤਾਰਪੁਰ ਜਾਣ ਲਈ ਕਿਹਾ ਸੀ। ਇਸ ਘਟਨਾ ਦੀ ਸੂਚਨਾ ਤੋਂ ਬਾਅਦ ਮੌਕੇ ’ਤੇ ਗੋਇੰਦਵਾਲ ਸਾਹਿਬ ਅਤੇ ਰਈਆ ਦੀ ਪੁਲਸ ਪਹੁੰਚੀ। ਲੁਟੇਰਿਆਂ ਦੀ ਤਲਾਸ਼ ਕੀਤੀ ਜਾ ਰਹੀ ਹੈ।


ਜਲੰਧਰ ਦੇ ਗੁਰੂ ਨਾਨਕਪੁਰਾ ਵੈਸਟ ਦੇ ਵਸਨੀਕ ਸੁਨੀਲ ਕੁਮਾਰ ਨੇ ਦੱਸਿਆ ਕਿ ਉਹ ਪਿਛਲੇ ਡੇਢ ਸਾਲ ਤੋਂ ਓਲਾ ਕੈਬ ਨਾਲ ਅਟੈਚ ਹੈ। ਸ਼ੁੱਕਰਵਾਰ ਰਾਤ ਕਰੀਬ 6.15 ਵਜੇ ਉਸ ਨੂੰ ਰਈਆ ਲਈ ਮੈਸੇਜ ਮਿਲਿਆ। ਉਹ ਆਪਣੀ ਕਾਰ ਹੌਂਡਾ ਇਮੇਜ ਲੈ ਕੇ ਰਾਮਾ ਮੰਡੀ ਚੌਕ ਪਹੁੰਚਿਆ। ਉਥੋਂ ਦੋ ਨੌਜਵਾਨ ਉਸ ਦੀ ਕਾਰ ਵਿੱਚ ਬੈਠੇ ਅਤੇ ਕਰੀਬ ਸਵਾ ਘੰਟੇ ਬਾਅਦ ਉਹ ਉਨ੍ਹਾਂਨਾਲ ਰਈਆ ਪਹੁੰਚਿਆ।ਸੁਨੀਲ ਕੁਮਾਰ ਨੇ ਦੱਸਿਆ ਕਿ ਉਸ ਨੇ ਦੋਵਾਂ ਤੋਂ ਪੁੱਛਿਆ ਕਿ ਉਹ ਉਨ੍ਹਾਂ ਨੂੰ ਕਿੱਥੇ ਉਤਾਰ ਦੇਵੇ। ਦੋਵਾਂ ਨੇ ਉਸ ਨੂੰ ਰਈਆ ਤੋਂ ਕਰੀਬ ਡੇਢ ਕਿਲੋਮੀਟਰ ਅੱਗੇ ਜਾਣ ਨੂੰ ਕਿਹਾ। ਕੁਝ ਦੂਰ ਪਹੁੰਚਦੇ ਹੀ ਉਸ ਦੇ ਨਾਲ ਬੈਠੇ ਨੌਜਵਾਨ ਨੇ ਪਿਸਤੌਲ ਕੱਢ ਕੇ ਉਸ ਨੂੰ ਗੰਨ ਪੁਆਇੰਟ ’ਤੇ ਲੈ ਲਿਆ ਅਤੇ ਗੱਡੀ ਰੁਕਵਾ ਦਿੱਤੀ। ਇਸੇ ਦੌਰਾਨ ਇੱਕ ਹੋਰ ਕਾਰ ਉਨ੍ਹਾਂ ਦੇ ਨੇੜੇ ਰੁਕੀ ਅਤੇ ਉਸ ਵਿੱਚੋਂ ਤਿੰਨ ਜਣੇ ਉਤਰ ਕੇ ਉਸ ਦੀ ਗੱਡੀ ਵਿੱਚ ਬੈਠ ਗਏ। ਸਾਰੇ ਲੁਟੇਰਿਆਂ ਨੇ ਪਿਸਤੌਲ ਕੱਢ ਕੇ ਉਸ ਦੇ ਮੱਥੇ ਉੱਤੇ ਰੱਖ ਦਿੱਤੇ ਅਤੇ ਉਸ ਨੂੰ ਬੰਨ੍ਹ ਕੇ ਪਿਛਲੀ ਸੀਟ ਉੱਤੇ ਬਿਠਾ ਦਿਤਾ।ਸੁਨੀਲ ਮੁਤਾਬਕ ਕਰੀਬ ਇੱਕ ਘੰਟੇ ਬਾਅਦ ਉਸ ਨੂੰ ਗੋਇੰਦਵਾਲ ਨੇੜੇ ਕੁੱਟਮਾਰ ਕਰਦੇ ਹੋਏ ਕਾਰ ’ਚੋਂ ਧੱਕਾ ਦੇ ਦਿੱਤਾ। ਸੁਨੀਲ ਮੁਤਾਬਕ ਲੁਟੇਰਿਆਂ ਨੇ ਉਸ ਦਾ ਪਰਸ ਅਤੇ ਮੋਬਾਈਲ ਵੀ ਖੋਹ ਲਿਆ।

## ਬੰਗਾਲੀ ਅਦਾਕਾਰ ਸੌਮਿੱਤਰਾ ਚੈਟਰਜੀ ਦਾ ਦਿਹਾਂਤ

ਕੋਲਕਾਤਾ, 16 ਨਵੰਬਰ (ਪੋਸਟ ਬਿਊਰੋ)- ਬੰਗਲਾ ਫ਼ਿਲਮਾਂ ਦੇ ਮਸ਼ਹੂਰ ਐਕਟਰ ਸੌਮਿੱਤਰਾ ਚੈਟਰਜੀ ਦਾ ਲੰਮੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ ਹੈ। 85 ਸਾਲ ਦੀ ਉਮਰ ਦੇ ਦਾਦਾ ਸਾਹਿਬ ਫਾਲਕੇ ਪੁਰਸਕਾਰ ਜੇਤੂ ਇਸ ਅਦਾਕਾਰ ਦੀਆਂ ਇਸ ਸਾਲ 7 ਫ਼ਿਲਮਾਂ ਰਿਲੀਜ਼ ਹੋਈਆਂ ਸਨ। ਬੰਗਲਾ ਫ਼ਿਲਮਾਂ ਦੇ ਮਹਾਂ ਨਾਇਕ ਕਹੇ ਜਾਂਦੇ ਉਤਮ ਕੁਮਾਰ ਦੇ ਨਾਲ ਉਹ ਦੂਜੇ ਸਭ ਤੋਂ ਵੱਡੇ ਬੰਗਾਲੀ ਅਦਾਕਾਰ ਸਨ। ਮੁੱਖ ਮੰਤਰੀ ਮਮਤਾ ਬੈਨਰਜੀ ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਸੁਣਦਿਆਂ ਹੀ ਬੇਲਵਿਊ ਹਸਪਤਾਲ ਪੁੱਜੀ ਅਤੇ ਉਨ੍ਹਾਂ ਦੇ ਚਲੇ ਜਾਣ ਨੂੰ ਬੰਗਾਲ ਲਈ ਵੱਡਾ ਧੱਕਾ ਦੱਸਿਆ।

### ਚੋਣ ਨਤੀਜਿਆਂ ਦਾ ਗੁੱਸਾ:

## ਸੀਨੀਅਰ ਕਾਂਗਰਸੀ ਕਪਿਲ ਸਿੱਬਲ ਨੇ ਹਾਈ ਕਮਾਂਡ ਨੂੰ ਖਰੀਆਂ-ਖਰੀਆਂ ਸੁਣਾਈਆਂ



ਨਵੀਂ ਦਿੱਲੀ, 16 ਨਵੰਬਰ (ਪੋਸਟ ਬਿਊਰੋ)—ਬਿਹਾਰ, ਮੱਧ ਪ੍ਰਦੇਸ਼ ਅਤੇ ਹੋਰਨਾਂ ਰਾਜਾਂ ਦੇ ਅਸੰਬਲੀ ਹਲਕਿਆਂ ਵਿਚ ਕਾਂਗਰਸ ਦੇ ਮਾੜੇ ਪ੍ਰਦਰਸ਼ਨ ਬਾਰੇ ਸਾਬਕਾ ਕੇਂਦਰੀ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਕਪਿਲ ਸਿਬਲ ਨੇ ਜਨਤਕ ਤੌਰ ’ਤੇ ਆਪਣੀ ਪਾਰਟੀ ਦੀ ਹਾਈ ਕਮਾਂਡ ਨੂੰ ਸ਼ੀਸ਼ਾ ਦਿਖਾਉਂਦਿਆਂ ਕਿਸੇ ਤਜਰਬੇਕਾਰ ਸਿਆਸੀ ਆਗੂ ਨੂੰ ਅੱਗੇ ਲਿਆਉਣ ਦੀ ਮੰਗ ਕੀਤੀ ਹੈ। ਸਿਬਲ ਨੇ ਕਿਹਾ ਕਿ ਆਤਮ ਮੰਥਨ ਦਾ ਸਮਾਂ ਖਤਮ ਹੋ ਚੁਕਾ ਹੈ ਅਤੇ ਵੇਲਾ ਆ ਗਿਆ ਹੈ ਕਿ ਪਾਰਟੀ ਦੀ ਕਮਾਂਡ ਕਿਸੇ ਸਿਆਸੀ ਹਕੀਕਤ ਸਮਝਣ ਵਾਲੇ ਤੇ ਜੁਝਾਰੂ ਲੀਡਰ ਦੇ ਹੱਥ ਦਿਤੀ ਜਾਏ।

ਵਰਨਣ ਯੋਗ ਹੈ ਕਿ ਕਪਿਲ ਸਿਬਲ ਉਨ੍ਹਾਂ 23 ਸੀਨੀਅਰ ਲੀਡਰਾਂ ਵਿਚੋਂ ਇਕ ਹਨ, ਜਿਨ੍ਹਾਂ ਨੇ 3 ਮਹੀਨੇ ਪਹਿਲਾਂ ਪਾਰਟੀ ਦੇ ਮੰਦੇ ਹਾਲ ਤੋਂ ਸੁਚੇਤ ਕਰਦਿਆਂ ਹਾਈ ਕਮਾਂਡ ਨੂੰ ਪੱਤਰ ਲਿਖਿਆ ਸੀ, ਪਰ ਹਾਈ ਕਮਾਂਡ ਨੇ ਉਨ੍ਹਾਂ ਸੀਨੀਅਰ ਲੀਡਰਾਂ ਦਾ ਕੱਦ ਛੋਟਾ ਕਰਨ ਦੇ ਯਤਨ ਕੀਤੇ ਸਨ। ਸਿਬਲ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਰਾਜਾਂ ਵਿਚ ਕਾਂਗਰਸ ਸੂਬਾਈ ਹਕੂਮਤ ਦੀ ਮਜਬੂਤ ਵਿਰੋਧੀ ਧਿਰ ਹੈ, ਉਥੇ ਵੀ ਵੋਟਰਾਂ ਨੇ ਸਾਨੂੰ ਗੰਭੀਰਤਾ ਨਾਲ ਨਹੀਂ ਲਿਆ। ਉਨ੍ਹਾਂ ਕਿਹਾ ਕਿ ਸਾਨੂੰ ਪਾਰਟੀ ਮੈਨੇਜਮੈਂਟ ਦੇ ਨਾਲ ਸੂਚੇਤ ਤੇ ਸੰਘਰਸ਼ ਸ਼ੀਲ ਹਾਈ ਕਮਾਂਡ ਦੀ ਲੋੜ ਹੈ, ਜਿਸ ਨੂੰ ਲੋਕ ਸੁਣਨਾ ਪਸੰਦ ਕਰਨ ਤੇ ਜੋ ਬੜੀ ਧਿਆਨ ਨਾਲ ਲੋਕਾਂ ਨੂੰ ਆਪਣੀਆਂ ਨੀਤੀਆਂ ਦੱਸ ਸਕੇ। ਸਿੱਬਲ ਨੂੰ ਉਨ੍ਹਾਂ ਦੀ ਅਗਸਤ ਮਹੀਨੇ ਲਿਖੀ ਹਾਈ ਕਮਾਂਡ ਨੂੰ ਚਿੱਠੀ ਸਬੰਧੀ ਪੁੱਛਣ ’ਤੇ ਉਨ੍ਹਾਂ ਜਵਾਬ ਦਿਤਾ ਕਿ ਪਾਰਟੀ ਵਿਚ ਕੋਈ ਇਸ ਬਾਰੇ ਵਿਚਾਰ ਚਰਚਾ ਨਹੀਂ ਹੋਈ ਤੇ ਨਾ ਕੋਈ ਅਜਿਹੀ ਉਮੀਦ ਲੱਗਦੀ ਹੈ ਕਿ ਹਾਈ ਕਮਾਂਡ ਗੱਲਬਾਤ ਦੇ ਕਿਸੇ ਮੂਡ ਵਿਚ ਹੈ। ਉਨ੍ਹਾਂ ਕਿਹਾ ਕਿ ਮੇਰੇ ਲਈ ਆਪਣੇ ਵਿਚਾਰ ਪ੍ਰਗਟ ਕਰਨ ਦਾ ਕੋਈ ਮੰਚ ਨਹੀਂ ਹੈ ਜਿਸ ਲਈ ਜਨਤਕ ਤੌਰ ’ਤੇ ਆਪਣੀ ਰਾਏ ਰੱਖ ਰਿਹਾ ਹਾਂ। ਉਨ੍ਹਾਂ ਨੇ ਕਾਂਗਰਸ ਪ੍ਰਤੀ ਆਪਣੀ ਵੱਚਨਬੱਧਤਾ ਪ੍ਰਗਟ ਕਰਦੇ ਹੋਏ ਆਸ ਪ੍ਰਗਟ ਕੀਤੀ ਕਿ ਕਾਂਗਰਸ ਉਨ੍ਹਾਂ ਮੁਢਲੇ ਅਸੂਲਾਂ ’ਤੇ ਪਹਿਰਾ ਦੇਵੇਗੀ, ਜਿਨ੍ਹਾਂ ਨੂੰ ਤਿਲਾਂਜਲੀ ਦਿਤੀ ਜਾ ਚੁਕੀ ਹੈ।

ਸਿਬਲ ਨੇ ਕਿਹਾ ਕਿ ਪਾਰਟੀ ਵੱਲੋਂ ਮੈਨੂੰ ਕੋਈ ਪ੍ਰਤੀਕਰਮ ਨਹੀਂ ਮਿਲਿਆ, ਪਰ ਮੈਂ ਉਨ੍ਹਾਂ ਦੀਆਂ ਇਹੋ ਜਿਹੀਆਂ ਗੱਲਾਂ ਸੁਣਦਾ ਰਹਿੰਦਾ ਹਾਂ, ਜਿਨ੍ਹਾਂ ਨੇ ਹਾਈ ਕਮਾਂਡ ਨੂੰ ਘੇਰ ਕੇ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਬਿਹਾਰ, ਮੱਧ ਪ੍ਰਦੇਸ ਤੇ ਹੋਰਨਾਂ ਸੂਬਿਆਂ ਵਿਚ ਹੋਈ ਪਾਰਟੀ ਦੀ ਹਾਰ ਲਈ ਹਾਲੇ ਵੀ ਆਪਣੀ ਸਲਾਹ ਮੰਗੇ ਜਾਣ ਦੀ ਉਡੀਕ ਹੈ ਪਰ ਹੋ ਸਕਦੈ ਹਾਲੇ ਵੀ ਹਾਈ ਕਮਾਂਡ ਇਸ ਹਾਰ ਨੂੰ ਸਧਾਰਨ ਘਟਨਾ ਮੰਨ ਕੇ ਬੈਠੀ ਹੋਵੇ।

# ਦੀਵਾਲੀ ਪਿੱਛੋਂ ਪੰਜਾਬ ਅਤੇ ਉੱਤਰੀ ਭਾਰਤ ਦੇ ਬਹੁਤੇ ਰਾਜਾਂ ਵਿੱਚ ਪ੍ਰਦੂਸ਼ਣ ਹੋਰ ਵਧਿਆ





ਨਵੀਂ ਦਿੱਲੀ, 16 ਨਵੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਦੀਵਾਲੀ ਬਹੁਤ ਧੂਮਧਾਮ ਨਾਲ ਮਨਾਈ ਗਈ ਹੈ, ਪਰ ਇਸ ਦੇ ਕਾਰਨਪੰਜਾਬ ਸਮੇਤ ਦੇਸ਼ ਦੇ ਕਈ ਰਾਜਾਂ ਵਿੱਚ ਪ੍ਰਦੂਸ਼ਣ ਦਾ ਪੱਧਰ ਹੋਰ ਵੀ ਵਧ ਗਿਆ ਹੈ। ਵਰਨਣ ਯੋਗ ਹੈ ਕਿ ਵਧਦੇ ਪ੍ਰਦੂਸ਼ਣ ਨੂੰ ਦੇਖ ਕੇ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨ ਜੀਟੀ) ਨੇ ਸਾਰੇ ਭਾਰਤ ਵਿੱਚ ਪਟਾਕੇ ਚਲਾਉਣ ਉੱਤੇ ਪਾਬੰਦੀ ਲਾਈ ਤੇ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਜਿਸ ਰਾਜ ਵਿੱਚ ਹਵਾ ਦੀ ਗੁਣਵੱਤਾ ਸਹੀ ਹੈ, ਸਿਰਫ ਓਥੇ 2 ਘੰਟਿਆਂ ਲਈ ਗ੍ਰੀਨ ਪਟਾਕੇ ਚਲਾਏ ਜਾ ਸਕਦੇ ਹਨ, ਪਰ ਦੀਵਾਲੀ ਮੌਕੇ ਇਨ੍ਹਾਂ ਸਾਰੇ ਆਦੇਸ਼ਾਂ ਨੂੰ ਨਜ਼ਰਅੰਦਾਜ਼ ਕਰ ਕੇ ਦਿੱਲੀ-ਐੱਨ ਸੀ ਆਰ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਹਰਿਆਣਾ, ਬਿਹਾਰ ਸਮੇਤ ਉੱਤਰੀ ਭਾਰਤ ਦੇ ਸਾਰੇ ਰਾਜਾਂ ਵਿੱਚ ਪਟਾਕੇ ਚਲਾਏ ਗਏ। ਇਸ ਨਾਲ ਰਾਜਧਾਨੀ ਦਿੱਲੀ ਦੀ ਹਵਾ ਗੰਭੀਰ ਸਥਿਤੀ ਵਿੱਚ ਪਹੁੰਚ ਗਈ ਹੈ ਤੇ ਇਸ ਦੇ ਕਈ ਇਲਾਕਿਆਂ ਵਿੱਚ ਏਅਰ ਕੁਆਲਿਟੀ ਇੰਡੈਕਸ 999 ਤਕ ਪਹੁੰਚ ਗਿਆ ਹੈ। ਦੀਵਾਲੀ ਦੀ ਪੂਰੀ ਰਾਤ ਦਿੱਲੀ ਪ੍ਰਦੂਸ਼ਣ ਦੀ ਚਾਦਰ ਵਿੱਚ ਲਿਪਟੀ ਜਾਪਦੀ ਸੀ।ਰਾਜਸਥਾਨ, ਹਰਿਆਣਾ ਅਤੇ ਪੰਜਾਬ ਦੇ ਨਾਲ ਉੱਤਰ ਪ੍ਰਦੇਸ਼ ਵਿੱਚ ਵੀ ਪਾਬੰਦੀ ਦੇ ਬਾਵਜੂਦ ਏਨੇ ਪਟਾਕੇ ਚਲਾਏ ਗਏ ਸਨ ਕਿ ਇਸ ਕਾਰਨ ਲੋਕਾਂ ਨੂੰ ਜ਼ੀਰੋ ਵਿਜ਼ੀਬਿਲਟੀ ਦਾ ਸਾਹ-ਮਣਾ ਕਰਨਾ ਪਿਆ ਹੈ। ਉੱਤਰ ਪ੍ਰਦੇਸ਼ ਦੇ 13 ਸ਼ਹਿਰਾਂ ਵਿੱਚ ਪਟਾਕਿਆਂ ਉੱਤੇਪਾਬੰਦੀ ਲਾ ਦੇਣ ਦੇ ਬਾਵਜੂਦ ਇਨ੍ਹਾਂ ਸ਼ਹਿਰਾਂ ਵਿੱਚ ਦੀਵਾਲੀ ਦੀ ਰਾਤ ਪਟਾਕੇ ਚਲਾਏ ਗਏ। ਇਸ ਦੇ ਅਸਰ ਹੇਠ ਰਾਜਧਾਨੀ ਲਖਨਊ ਵਿੱਚ ਏਅਰ ਕੁਅਲਿਟੀ ਇੰਡੈਕਸ881 ਦੇ ਪਾਰ ਪਹੁੰਚ ਗਿਆ ਸੀ।

## ਭਾਜਪਾ ਨੇ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਸਾਰਿਆਂ ਤੋਂ ਵੱਧ ਫੰਡ ਉਗਰਾਹਿਆ ਅਤੇ ਖਰਚਿਆ

*** 2019 ਦੀਆਂ ਅਸੈਂਬਲੀ ਚੋਣਾਂ ਬਾਰੇ ਐੱਨ ਜੀ ਓ ਦੀ ਰਿਪੋਰਟ**



ਨਵੀਂ ਦਿੱਲੀ, 16 ਨਵੰਬਰ (ਪੋਸਟ ਬਿਊਰੋ)- ਸਾਲ 2019 ਵਿੱਚ ਮਹਾਰਾਸ਼ਟਰ ਤੇ ਹਰਿਆਣਾ ਵਿੱਚ ਵਿਧਾਨਸਭਾ ਚੋਣਾਂ ਦੌਰਾਨ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਲੋਂ ਇਕੱਠੇ ਕੀਤੇ ਅਤੇ ਖਰਚ ਕੀਤੇ ਫੰਡਾਂ ਦਾ ਵੇਰਵਾ ਸਾਹਮਣੇ ਆਇਆ ਹੈ। ਭਾਜਪਾ ਨੇ ਮਹਾਰਾਸ਼ਟਰ ਅਤੇ ਹਰਿਆਣਾ ਦੀਆਂ ਚੋਣਾਂ ਦੌਰਾਨ ਸਭ ਤੋਂ ਵੱਧ 311.85 ਕਰੋੜ ਰੁਪਏ ਇਕੱਠੇ ਕੀਤੇ ਸਨ ਤੇ ਉਸਦੇ ਕੇਂਦਰੀ ਮੁੱਖ ਦਫਤਰ ਨੇ 213.23 ਕਰੋੜ ਇਕੱਠੇ ਕੀਤੇ ਸਨ। ਇਸ ਵਿੱਚ ਪਾਰਟੀ ਦੀ ਮਹਾਰਾਸ਼ਟਰ ਯੂਨਿਟ ਨੇ 97.8 ਕਰੋੜ ਅਤੇ ਹਰਿਆਣਾ ਇਕਾਈ ਨੇ 82 ਲੱਖ ਰੁਪਏ ਯੋਗਦਾਨ ਪਾਇਆ ਹੈ।

ਇਸ ਦੌਰਾਨ ਭਾਜਪਾ ਨੇ ਇਨ੍ਹਾਂ ਦੋਂਹ ਰਾਜਾਂ ਵਿੱਚ ਕੁਲ 102.46 ਕਰੋੜ ਖਰਚ ਕੀਤੇ ਹਨ, ਜਿਸ ਵਿੱਚ 68.92 ਕਰੋੜ ਪਬਲਿਸਿਟੀ ਉੱਤੇ, 32.28 ਕਰੋੜ ਯਾਤਰਾ ਉੱਤੇ ਅਤੇ 28.38 ਕਰੋੜ ਉਮੀਦਵਾਰਾਂ ਨੂੰ ਵੰਡੇ ਗਏ ਸਨ। ਇਸ ਰਿਪੋਰਟ ਦੇ ਅਨੁਸਾਰ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਕੇਂਦਰੀ ਦਫਤਰਾਂਨੇ ਲੜੀਵਾਰ 46.26 ਕਰੋੜ, 4.48 ਕਰੋੜ ਅਤੇ 1.91 ਕਰੋੜ ਇਕੱਠੇ ਕੀਤੇ, ਪਰ ਸਟੇਟ ਯੂਨਿਟਾਂ ਨੇ ਕਿੰਨਾ ਫੰਡ ਇਕੱਠਾ ਕੀਤਾ, ਇਹ ਗੱਲ ਪਤਾਨਹੀਂ ਆਈ। ਸਮਾਜਵਾਦੀ ਪਾਰਟੀ ਦੇ ਕੇਂਦਰੀ ਦਫਤਰ ਨੇ 21.69 ਕਰੋੜ ਖਰਚ ਕੀਤੇ ਤੇ ਇਸ ਦੇ ਬਾਅਦ ਬਸਪਾ ਨੇ 7.3 ਕਰੋੜ ਰੁਪਏ ਖਰਚ ਕੀਤੇ ਹਨ।

# ਚੀਨ ਦੀਆਂ ਕੰਪਨੀਆਂ ਦੇ ਨਾਂਅ ਉੱਤੇ ਕਰਨਾਟਕ ਵਿੱਚ 2 ਸੌ ਕਰੋੜ ਦੀ ਧੋਖਾਧੜੀ, 4 ਗ੍ਰਿਫਤਾਰ

ਬੈਂਗਲੁਰੂ, 16 ਨਵੰਬਰ, (ਪੋਸਟ ਬਿਊਰੋ)- ਕਰਨਾਟਕ ਦੀ ਰਾਜਧਾਨੀ ਬੈਗਲੂਰੂ ਵਿੱਚ ਪਿਛਲੇ ਕੁਝ ਹਫ਼ਤਿਆਂ ਵਿਚ ਚਾਰ ਵਿਅਕਤੀਆਂ ਨੂੰ 200 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਕੇਸਾਂ ਵਿਚ ਟੈਕਸ ਦੀ ਹੇਰਾਫ਼ੇਰੀ ਕਰਨ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਨੇ ਕੁਝ ਸਾਲਾਂ ਵਿਚ 1000 ਕਰੋੜ ਰੁਪਏ ਦੀਆਂ ਨਕਲੀ ਸਰਵਿਸਿਜ਼ ਦੇ ਲਈ ਚੀਨੀ ਕੰਪਨੀਆਂ ਸਮੇਤ ਕਈ ਬਹੁ-ਕੌਮੀ ਕੰਪਨੀਆਂ ਦੇ ਨਕਲੀ ਚਲਾਨ ਬਣਾ ਕੇ ਵਰਤੇ ਸਨ। ਬੈਂਗਲੁਰੂ ਵਿੱਚ ਜੀਐਸਟੀ ਫਰਾਡ ਦਾ ਇਹ ਵੱਡਾ ਕੇਸ ਜੀਐਸਟੀ ਇੰਟੈਲੀਜੈਂਸ ਦੇ ਡਾਇਰੈਕਟੋਰੇਟ ਜਨਰਲ ਦੇ ਬੈਂਗਲੁਰੂ ਜ਼ੋਨਲ ਯੂਨਿਟ ਨੇ ਫੜਿਆ ਹੈ। ਜੀਐਸਟੀ ਇੰਟੈਲੀਜੈਂਸ ਦੇ ਸੂਤਰਾਂ ਮੁਤਾਬਕ ਦਿੱਲੀ ਦੇ ਕਮਲੇਸ਼ ਮਿਸ਼ਰਾ ਨੇ ਜਾਅਲੀ ਫਰਮਾਂ ਦੇ ਨਾਂਅ ਉੱਤੇ 500 ਕਰੋੜ ਰੁਪਏ ਦੇ ਨਕਲੀ ਚਲਾਨ ਬਣਾਏ ਸਨ। ਉਸ ਨੇ ਦੇਸ਼ ਦੇ ਗਰੀਬ ਲੋਕਾਂ ਦੇ ਨਾਂ ਉੱਤੇ 23 ਕੰਪਨੀਆਂ ਬਣਾਈਆਂ ਸਨ, ਜਿਨ੍ਹਾਂ ਵਿਚੋਂ ਬੈਂਗਲੁਰੂ ਦੇ ਕੁਝ ਅਜਿਹੇ ਲੋਕ ਸਨ, ਜਿਨ੍ਹਾਂ ਕੋਲ ਇਨਕਮ ਟੈਕਸ ਦਾ ਪੈਨ ਨੰਬਰ ਤੇ ਆਧਾਰ ਕਾਰਡ ਸਨ। ਬੈਂਗਲੂਰੂ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅਸੀਂ ਛਾਪਾ ਮਾਰਿਆ ਅਤੇ ਉਨ੍ਹਾਂ ਲੋਕਾਂ ਦੀ ਪਛਾਣ ਕਰ ਲਈ, ਜਿਨ੍ਹਾਂ ਨੇ ਮਿਸ਼ਰਾ ਨੂੰ ਜਾਅਲੀ ਕੰਪਨੀਆਂ ਦਾਡਾਇਰੈਕਟਰ ਬਣਾਇਆ ਸੀ। ਫਿਰ ਅਸੀਂ ਜੀਐਸ ਟੀ ਫਰਾਡ ਦਾ ਪਤਾ ਲੱਗਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਹੈ।

ਖੁਫੀਆ ਅਧਿਕਾਰੀ ਨੇ ਕਿਹਾ ਕਿ ‘ਬੰਗਲੁਰੂ ਦੇ ਇੱਕ ਵਪਾਰੀ ਬਿਆਲਦੁਗੂ ਕ੍ਰਿਸ਼ਨਾਈਆ ਨੇ ਕੁਝ ਚੀਨੀ ਲੋਕਾਂ ਦੀ ਮਦਦ ਨਾਲ ਜੰਪ ਮੌਕੀ ਪ੍ਰਮੋਸ਼ਨ ਇੰਡੀਆ ਲਿਮਟਿਡ ਨਾਂਅ ਦੀ ਫਰਮ ਬਣਾਈ, ਜਿਸ ਰਾਹੀਂਉਸ ਨੇ ਭਾਰਤ ਵਿਚ ਚੰਗੀ ਤਰ੍ਹਾਂ ਚੱਲਦੀਆਂ ਚੀਨੀ ਫਰਮਾਂ ਨੂੰ ਜਾਅਲੀ ਚਲਾਣ ਜਾਰੀ ਕਰ ਕੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਚੀਜ਼ਾਂ ਜਾਂ ਸਰਵਿਸਿਜ਼ ਸੇਲ ਕੀਤੀਆਂ ਹਨ। ਇਸ ਦੇ ਲਾਭ ਵਜੋਂ ਉਸਨੇ ਚਾਈਨਾ ਕੰਸਟ੍ਰਕਸ਼ਨ ਸੋਸੈਮ ਇੰਡੀਆ ਪ੍ਰਾਈਵੇਟ ਲਿਮਟਿਡ ਅਤੇ ਕੋਵਾਲਿਕ ਕੰਸਟਰੱਕਸ਼ਨਜ਼ ਵੱਲੋਂ ਭੇਜੇ 53 ਕਰੋੜ ਰੁਪਏ ਵੀ ਪ੍ਰਾਪਤ ਕੀਤੇ ਅਤੇ ਵੀਚੈਟ ਮੈਸੇਜਿੰਗ ਸੇਵਾ ਰਾਹੀਂ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਚੀਨੀ ਵਿਅਕਤੀਆਂ ਲਈ ਵੱਡੀ ਰਕਮ ਦੀ ਕ੍ਰਿਪਟੋਕਰੰਸੀ ਵੀ ਖਰੀਦ ਕੀਤੀ। ਪਿੱਛੇ ਜਿਹੇ ਕੁਝ ਚੀਨੀ ਫਰਮਾਂ ਉੱਤੇ ਮੁੰਬਈ ਵਿਚ ਛਾਪੇ ਪਏ ਤਾਂ ਮਹੱਤਵਪੂਰਨ ਦਸਤਾਵੇਜ਼ ਜ਼ਬਤ ਕੀਤੇ ਗਏ ਸਨ। ਗ੍ਰਿਫਤਾਰੀ ਪਿੱਛੋਂ ਕ੍ਰਿਸ਼ਨਾਈਆ ਨੂੰ ਬੈਂਗਲੁਰੂ ਜੇਲ੍ਹ ਭੇਜਿਆ ਗਿਆ ਅਤੇ ਵਿਦੇਸ਼ੀ ਨਾਗਰਿਕਾਂ ਨਾਲ ਉਨ੍ਹਾਂ ਦੇ ਪੈਸੇ ਦੇ ਲੈਣ-ਦੇਣ ਦੀ ਜਾਂਚ ਚੱਲ ਰਹੀ ਹੈ। ਏਸੇ ਤਰ੍ਹਾਂ ਬੈਂਗਲੁਰੂ ਦੀ ਬੇਨਸਟਾਰ ਪਾਵਰ ਟੈਕਨੋਲੋਜੀ ਇੰਡੀਆ ਪ੍ਰਾਈਵੇਟ ਲਿਮਟਿਡ ਨੂੰ ਕਰਨਾਟਕ ਦੀਆਂ ਵੱਖ ਵੱਖ ਬਹੁ-ਕੌਮੀ ਕੰਪਨੀਆਂ ਦੇ ਨਾਂਅ ਜਾਅਲੀ ਚਲਾਨ ਜਾਰੀ ਕਰਨ ਦਾ ਦੋਸ਼ੀ ਮੰਨਿਆ ਗਿਆ ਹੈ। ਅਧਿਕਾਰੀ ਨੇ ਦੱਸਿਆ, ‘ਕਿੰਗਪਿਨ ਬੈਨਸਟਾਰ ਦੇ ਡਾਇਰੈਕਟਰ ਸੁਰੇਸ਼ ਮਹਿਤਾ ਨੂੰ ਬੈਂਗਲੁਰੂ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਇਕ ਬਹੁ-ਕੌਮੀ ਕੰਪਨੀ ਤੋਂ ਲਏ ਹੋਏ 12 ਕਰੋੜ ਰੁਪਏ ਬਰਾਮਦ ਕੀਤੇ ਗਏ ਸਨ।’



## ਯੂ ਐੱਨ ਦੀ ਚੇਤਾਵਨੀ; ਅਗਲੇ ਸਾਲ ਭੁੱਖਮਰੀ ਦੇ ਹਾਲਾਤ ਹੋਰ ਵੀ ਖਰਾਬ ਹੋਣ ਦਾ ਡਰ



ਯੂ ਐੱਨ ਓ, 16 ਨਵੰਬਰ (ਪੋਸਟ ਬਿਊਰੋ)- ਯੂ ਐੱਨ ਓ ਦੇ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਿਊ ਐਫ ਪੀ) ਦੇ ਮੁਖੀ ਨੇ ਕਿਹਾ ਹੈ ਕਿ ਯੂ ਐੱਨ ਏਜੰਸੀ ਨੂੰ ਮਿਲੇ ਨੋਬਲ ਸ਼ਾਂਤੀ ਇਨਾਮ ਨੇ ਏਜੰਸੀ ਨੂੰ ਇਹ ਸਮੱਰਥਾ ਦਿੱਤੀ ਹੈ ਕਿ ਉਹ ਦੁਨੀਆ ਭਰ ਦੇ ਆਗੂਆਂ ਨੂੰ ਇਸ ਗੱਲ ਲਈ ਚੌਕਸ ਕਰ ਸਕੇ ਕਿ ਅਗਲਾ ਸਾਲ ਇਸ ਸਾਲ ਦੇ ਮੁਕਾਬਲੇ ਹੋਰ ਖਰਾਬ ਹੋਵੇਗਾ ਤੇ ਜੇ ਅਰਬਾਂ ਡਾਲਰ ਦੀ ਮੱਦਦ ਨਾ ਮਿਲੀ ਤਾਂ 2021 ਵਿੱਚ ਭੁੱਖਮਰੀ ਦੇ ਮਾਮਲੇ ਬਹੁਤ ਜ਼ਿਆਦਾ ਵਧ ਜਾਣਗੇ।

ਡਬਲਿਊ ਐਫ ਪੀ ਦੇ ਮੁਖੀ ਡੇਵਿਡ ਨੇ ਕਿਹਾ ਹੈ ਕਿ ਦੁਨੀਆ ਇੱਕ ਪਾਸੇ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ, ਦੂਜੇ ਪਾਸੇ ਭੁੱਖਮਰੀ ਵਰਗੇ ਹਾਲਾਤ ਬਣ ਗਏ ਹਨ। ਜੇ ਤੁਰੰਤ ਕਾਰਵਾਈ ਨਾ ਕੀਤੀ ਤਾਂ ਹਾਲਾਤ ਵਧੇਰੇ ਵਿਗੜ ਸਕਦੇ ਹਨ। ਅਸੀਂ ਇਸ ਨੂੰ ਇਸ ਸਾਲ 2020 ਤੱਕ ਟਾਲਣ ਵਿੱਚ ਸਫਲ ਰਹੇ ਹਾਂ ਕਿਉਂਕਿ ਕੌਮਾਂਤਰੀ ਆਗੂਆਂ ਨੇ ਫੰਡ ਦਿੱਤੇ, ਪੈਕੇਜ ਦਿੱਤੇ, ਪਰ ਜੋ ਫੰਡ 2020 ਵਿੱਚ ਮਿਲੇ, ਉਹ 2021 ਵਿੱਚ ਮਿਲਣ ਦੀ ਸੰਭਾਵਨਾ ਨਹੀਂ। ਇਸ ਲਈ ਅਸੀਂ ਲਗਾਤਾਰ ਆਗੂਆਂ ਨੂੰ ਇਹ ਦੱਸ ਰਹੇ ਹਾਂ ਅਤੇ ਅਗਲੇ ਸਮੇਂ ਵਿੱਚ ਹਾਲਾਤ ਹੋਰ ਖਰਾਬ ਹੋ ਸਕਦੇ ਹਨ।

## ਹਾਂਗ ਕਾਂਗ ਕੇਸ ਵਿੱਚ ਚੀਨ ਨੇ ਬ੍ਰਿਟੇਨ ਤੇ ਆਸਟ੍ਰੇਲੀਆ ਨੂੰ ਧਮਕੀ ਦਿੱਤੀ

ਪੇਈਚਿੰਗ , 16 ਨਵੰਬਰ (ਪੋਸਟ ਬਿਊਰੋ)- ਹਾਂਗਕਾਂਗ ’ਤੇ ਆਪਣਾ ਦਬਦਬਾ ਵਧਾਉਣ ਲਈ ਚੀਨ ਧਮਕੀਆਂ ਦੇਣ ’ਤੇ ਉਤਰ ਆਇਆ ਹੈ। ਉਸ ਨੇ 4 ਲੋਕਤੰਤਰ ਸਮਰੱਥਕ ਪਾਰਲੀਮੈਂਟ ਮੈਂਬਰਾਂ ਨੂੰ ਹਾਂਗਕਾਂਗ ਦੀ ਵਿਧਾਨ ਪ੍ਰੀਸ਼ਦ ਵਿੱਚ ਅਯੋਗ ਕਰਾਰ ਦਿੱਤੇ ਜਾਣ ਪਿੱਛੋਂ ਯੂਨਾਈਟਿਡ ਕਿੰਗਡਮ ਅਤੇ ਆਸਟ੍ਰੇਲੀਆ ਨੂੰ ਬੀਜਿੰਗ ਦੇ ਖ਼ਿਲਾਫ਼ ‘ਗੈਰ-ਜ਼ਿੰਮੇਵਾਰ ਟਿੱਪਣੀ’ ਕਰਨ ਦੇ ਜਵਾਬ ਵਿੱਚ ਸਿੱਧੀ ਧਮਕੀ ਦੇ ਦਿੱਤੀ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਬ੍ਰਿਟੇਨ ਤੇ ਆਸਟ੍ਰੇਲੀਆ ਨੂੰ ਚੀਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣਾ ਬੰਦ ਕਰਨ ਲਈ ਕਿਹਾ ਹੈ। ਵਰਨਣ ਯੋਗ ਕਿ ਇਸ ਤੋਂ ਪਹਿਲਾਂ ਹਾਂਗਕਾਂਗ ਦੇ ਮੁਦੇ ਉਤੇ ਯੂਰਪੀਅਨ ਯੂਨੀਅਨ ਨੇ ਚਾਰ ਲੋਕਤੰਤਰ ਪੱਖੀ ਪਾਰਲੀਮੈਂਟ ਮੈਂਬਰਾਂ ਨੂੰ ਬਾਹਰ ਕਰਨ ਦੇ ਫੈਸਲੇ ’ਤੇ ਚੀਨ ਦੀ ਨਿੰਦਾ ਕਰਦੇ ਹੋਏ ਮੰਗ ਕੀਤੀ ਸੀ ਕਿ ਇਨ੍ਹਾਂਪਾਰਲੀਮੈਂਟ ਮੈਂਬਰਾਂ ਨੂੰ ਕੱਢਣ ਦੇ ਫੈਸਲੇ ਨੂੰ ਵਾਪਸ ਲਿਆ ਜਾਵੇ। ਅਮਰੀਕਾ ਨੇ ਵੀ ਇਸ ਮੁੱਦੇ ’ਤੇ ਚੀਨ ਨੂੰ ਚੇਤਾਵਨੀ ਦਿੱਤੀ ਅਤੇ ਹਾਂਗਕਾਂਗ ਦੇ ਮੁੱਦੇ ਨੂੰ ਲੈ ਕੇ ਚੀਨ ਦੇ ਖ਼ਿਲਾਫ਼ ਪਾਬੰਦੀਆਂ ਲਗਾਉਣ ਦੀ ਚੇਤਾਵਨੀ ਦਿੱਤੀ, ਜਿਸ ਵਿੱਚ ਕਿਹਾ ਗਿਆ ਕਿ 4 ਲੋਕਤੰਤਰ ਸਮਰੱਥਕ ਪਾਰਲੀਮੈਂਟ ਮੈਂਬਰਾਂ ਨੂੰ ਬਾਹਰ ਕਰਨ ਨਾਲ ਹਾਂਗਕਾਂਗ ਦੇ ਕਾਨੂੰਨਾਂ ਦੀ ਉਲੰਘਣਾ ਹੋਈ ਹੈ।

## ਜਦੋਂ ਇਮਰਾਨ ਨੂੰ ਪੁੱਛਿਆ: ‘ਪਾਕਿ ਵਿੱਚ ਕੋਈ ਹਿੰਦੂ ਬਚਿਐ?’



ਇਸਲਾਮਾਬਾਦ, 16 ਨਵੰਬਰ (ਪੋਸਟ ਬਿਊਰੋ)- ਹਿੰਦੂਆਂ ਅਤੇ ਹੋਰ ਘੱਟ ਗਿਣਤੀਆਂ ਦੇ ਜਬਰੀ ਧਰਮ ਪਰਿਵਰਤਨ ਦੇ ਕਾਰਨ ਘਿਰੇ ਰਹਿਣ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਟਵਿੱਟਰ ’ਤੇ ਕੱਲ੍ਹ ਜ਼ਬਰਦਸਤ ਮਜ਼ਾਕ ਉਡਿਆ। ਦੀਵਾਲੀ ’ਤੇ ਹਿੰਦੂਆਂ ਲਈਉਨ੍ਹਾਂ ਦੇ ਵਧਾਈ ਸੰਦੇਸ਼ ਬਾਰੇ ਲੋਕਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਟਰੋਲ ਕੀਤਾ ਅਤੇ ਮਜ਼ਾਕ ਉਡਾਉਣ ਦੇ ਅੰਦਾਜ਼ ਵਿੱਚ ਇਮਰਾਨ ਤੋਂ ਪੁੱਛਿਆ, “ਕੀ ਪਾਕਿ-ਸਤਾਨ ’ਚ ਕੋਈ ਹਿੰਦੂ ਬਚਿਆ ਹੈ ?’’

ਅਸਲ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਨੇ ਦੀਵਾਲੀ ਮੌਕੇ ਹਿੰਦੂਆਂ ਨੂੰ ਸੰਖੇਪ ਜਿਹਾ ਵਧਾਈ ਸੰਦੇਸ਼ ਅੰਗਰੇਜ਼ੀ ਵਿੱਚ ਟਵੀਟ ਕੀਤਾ, ‘ਸਾਡੇ ਸਾਰੇ ਹਿੰਦੂਆਂ ਨੂੰ ਦੀਵਾਲੀ ਦੀ ਵਧਾਈ।’ ਇਮਰਾਨ ਖਾਨ ਦੇ ਇਸ ਵਧਾਈ ਪਿਛੋਂ ਟਵਿੱਟਰ ’ਤੇ ਪ੍ਰਤੀਕਿਰਿਆ ਆਉਣ ਲੱਗੀਆਂ ਤਾਂ ਆਪਣੀ ਕਥਨੀ ਅਤੇ ਕਰਨੀ ਦੇ ਅੰਤਰ ਕਾਰਨ ਫਸੇ ਰਹਿਣ ਵਾਲੇ ਇਮਰਾਨ ਖਾਨ ਫਸ ਗਏ।ਇੱਕ ਜਣੇ ਨੇਟਵਿੱਟਰ ’ਤੇ ਉਨ੍ਹਾਂ ਦੇ ਵਧਾਈ ਸੰਦੇਸ਼ ਬਾਰੇ ਕਿਹਾ, “ਕੀ ਪਾਕਿ-ਸਤਾਨ ਵਿੱਚ ਕੋਈ ਹਿੰਦੂ ਬਚਿਆ ਹੈ। ਮੇਰਾ ਮੰਨਣਾ ਹੈ ਕਿ ਸਭ ਦਾ ਧਰਮ ਪਰਿਵਰਤਨ ਹੋ ਗਿਆ ਹੈ। ਫਿਰ ਵੀ ਤੁਹਾਨੂੰ ਵਧਾਈ।’’ਕਿਸੇ ਹੋਰ ਨੇ ਪ੍ਰਤੀਕਿਰਿਆ ਪ੍ਰਗਟ ਕੀਤੀ, ‘‘ਇਮਰਾਨ ਨੇ ਜਿੰਨੇ ਸ਼ਬਦਾਂ ਵਿੱਚ ਵਧਾਈ ਦਿੱਤੀ ਹੈ, ਪਾਕਿਸਤਾਨ ਵਿੱਚਓਨੇ ਹੀ ਹਿੰਦੂ ਬਚੇ ਹਨ।’’ ਇਮਰਾਨ ਨੂੰ ਟਰੋਲ ਕਰਨ ਵਾਲਿਆਂ ਨੇ ਉਨ੍ਹਾਂ ਦੇ ਦੇਸ਼ ਵਿੱਚ ਘੱਟ ਗਿਣਤੀਆਂ ਉੱਤੇ ਹੋ ਰਹੇ ਅਤਿਆਚਾਰ ਦੇ ਮਾਮਲਿਆਂ ਵਿੱਚ ਵੀ ਰੱਜਕੇ ਖਰੀਆਂ-ਖੋਰੀਆਂ ਸੁਣਾਈਆਂ।

## ਰਾਸ਼ਟਰਪਤੀ ਚੋਣ ਵਿੱਚ ਜਿੱਤ ਜਾਂ ਹਾਰ ਤੋਂ ਟਰੰਪ ਤੇ ਬਾਈਡਨ ਦੇ ਹਮਾਇਤੀ ਹੱਥੋਪਾਈ ਹੋਏ



ਵਾਸ਼ਿੰਗਟਨ, 16 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਵਿੱਚ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੁਰਸੀ ਕਾਇਮ ਰਹੀ ਜਾਂ ਫਿਰ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਈਡਨ ਚੁਣੇ ਗਏ, ਇਸ ਸਵਾਲ ਨੂੰ ਲੈ ਕੇ ਅਤੇ ਟਰੰਪ ਪੱਖੀਆਂ ਵੱਲੋਂ ਚੋਣਾਂ ਵਿੱਚ ਗੜਬੜ ਦੇ ਦਾਅਵੇ ਕਾਰਨ ਕੱਲ੍ਹ ਹਜ਼ਾਰਾਂ ਲੋਕ ਵਾਸ਼ਿੰਗਟਨ ਦੀਆਂ ਸੜਕਾਂ ਉੱਤੇ ਆ ਗਏ ਤੇ ਇਸ ਦੌਰਾਨ ਹਿੰਸਾ ਦੋਵਾਂ ਉਮੀਦਵਾਰਾਂ ਦੇ ਸਮੱਰਥਕਾਂ ਵਿੱਚ ਹੱਥੋਪਾਈ ਹੋ ਗਈ।

ਅਸਲ ਵਿੱਚ ਰਾਸ਼ਟਰਪਤੀ ਚੋਣਾਂ ਵਿੱਚ ਜੋਅ ਬਾਈਡਨ ਦੀ ਜਿੱਤ ਤੋਂ ਇੱਕ ਹਫ਼ਤਾ ਪਿੱਛੋਂ ਇਸ ਸ਼ਨੀਵਾਰ ਦੇ ਦਿਨ ‘ਮਿਲੀਅਨ ਮੈਗਾ ਮਾਰਚ’ ਕੱਢਿਆ ਗਿਆ ਸੀ, ਜਿਹੜਾ ਸਾਰਾ ਦਿਨ ਭਰ ਸ਼ਾਂਤੀ ਨਾਲ ਚੱਲਦਾ ਰਿਹਾ, ਪਰ ਰਾਤਹੋਣ ਤੱਕ ਡੋਨਾਲਡ ਟਰੰਪ ਦੇ ਸਮਰਥਕਾਂ ਅਤੇ ਜੋਅ ਬਾਈਡਨ ਦੇ ਪੱਖ ਵਾਲਿਆਂ ਦਾ ਟਕਰਾਅ ਹੋ ਗਿਆ। ਵ੍ਹਾਈਟ ਹਾਊਸ ਤੋਂ ਮਸਾਂ ਪੰਜ ਬਲਾਕ ਪਰੇ ਦੋਵਾਂ ਧਿਰਾਂ ਦੇ ਪ੍ਰਦਰਸ਼ਨਕਾਰੀਆਂ ਦੀ ਤਿੱਖੀ ਝੜਪ ਇੱਕ 20 ਸਾਲਾਂ ਦੇ ਵਿਅਕਤੀ ਨੂੰ ਕਿਸੇ ਵੱਲੋਂ ਚਾਕੂ ਮਾਰੇ ਜਾਣ ਦੀ ਖਬਰ ਹੈ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਵਿੱਚ ਦੋ ਪੁਲਿਸ ਵਾਲੇ ਵੀ ਜ਼ਖਮੀ ਹੋਏ ਦੱਸੇ ਗਏ ਹਨ। ਮੰਨਿਆ ਜਾਂਦਾ ਹੈ ਕਿ ਜ਼ਖਮੀ ਹੋਇਆ ਨੌਜਵਾਨ ‘ਬਲੈਕ ਲਾਈਵਜ਼ ਮੈਟਰ’ ਗਰੁੱਪ ਵਾਲੇ ਪ੍ਰਦਰਸ਼ਨ ਕਰਤਿਆਂ ਨਾਲ ਸੰਬੰਧਤ ਸੀ। ਕਈ ਮਿੰਟ ਚੱਲੀ ਇਸ ਟੱਕਰ ਨੂੰ ਬਾਅਦ ਵਿਚ ਪੁਲਿਸ ਨੇ ਆ ਕੇ ਰੋਕਿਆ ਅਤੇ ਹਾਲਾਤ ਕੁਝ ਸ਼ਾਤ ਹੋ ਸਕੇ, ਪਰ ਤਨਾਅ ਬਣਿਆ ਰਿਹਾ।

ਵਰਨਣ ਯੋਗ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ‘ਮੇਕ ਅਮੈਰਿਕਾ ਗਰੇਟ ਅਗੇਨ’ (ਮਾਗਾ) ਦੇ ਹੱਕ ਵਿੱਚ ਪ੍ਰਦਰਸ਼ਨ ਕਰਨ ਵਾਲੇ ਲੋਕ ਸ਼ਨੀਵਾਰ ਨੂੰ ਵਾਸ਼ਿੰਗਟਨ ਡੀਸੀ ਵਿੱਚ ਇਕੱਠੇ ਹੋਏ ਤੇ ਉਨ੍ਹਾਂ ਨੇ ਦਾਅਵਾ ਕੀਤਾ ਕਿ ਟਰੰਪ ਚੋਣ ਜਿੱਤ ਚੁੱਕੇ ਹਨ। ਉਹ ਡੋਨਾਲਡ ਟਰੰਪ ਦੇ ਹੱਕ ਵਿਚ ਸਮਰਥਨ ਕਰਨ ਲਈ ਹੀ ਇਸ ਸ਼ਹਿਰ ਵਿਚ ਆਏ ਹਨ। ਇੱਕ ਖਬਰ ਏਜੰਸੀ ਦੀ ਰਿਪੋਰਟ ਹੈ ਕਿ ਡੋਨਾਲਡ ਟਰੰਪ ਦੇ ਵਿਰੋਧੀਆਂ ਨੇ ਟਰੰਪ ਸਮਰਥਕਾਂ ਉੱਤੇ ਆਂਡੇ ਸੁੱਟੇ ਸਨ। ਇਸ ਮੌਕੇ ਡੋਨਾਲਡ ਟਰੰਪ ਨੇ ਟਵੀਟ ਕਰ ਕੇ ਦੋਸ਼ ਲਾਇਆ ਕਿ ਖ਼ਬਰਾਂ ਵਾਲੇ ਚੈਨਲ ਉਨ੍ਹਾਂ ਦੇ ਸਮਰਥਕਾਂ ਦੀ ਭੀੜ ਨੂੰ ਪੇਸ਼ ਨਹੀਂ ਕਰਦੇ। ਟਰੰਪ ਨੇ ਇਸ ਟਵੀਟ ਦੇ ਨਾਲ ਆਪਣੇ ਪੱਖ ਦੀ ਮੈਗਾ ਰੈਲੀ ਦੀ ਤਸਵੀਰ ਵੀ ਸ਼ੇਅਰ ਕੀਤੀ ਹੈ।

## ਬ੍ਰਿਟੇਨ ਤੋਂ ਸਿੱਖ ਬਜ਼ੁਰਗ ਬੀਬੀ ਨੂੰ ਭਾਰਤ ਭੇਜਣ ਦੇ ਵਿਰੋਧ ਵਿੱਚ ਹਜ਼ਾਰਾਂ ਲੋਕ ਨਿੱਤਰੇ



ਲੰਡਨ, 16 ਨਵੰਬਰ, (ਪੋਸਟ ਬਿਊਰੋ)- ਬ੍ਰਿਟੇਨ ਵਿਚ ਕਰੀਬ 10 ਸਾਲ ਤੋਂ ਰਹਿੰਦੀ ਤੇ ਆਪਣਾ ਘਰ ਬਣਾ ਚੁੱਕੀ ਇਕ ਬਜ਼ੁਰਗ ਸਿੱਖ ਵਿਧਵਾ ਨੂੰ ਜ਼ਬਰਦਸਤੀ ਭਾਰਤ ਭੇਜਣ ਵਿਰੁੱਧ ਸ਼ੁਰੂ ਕੀਤੀ ਗਈ ਆਨਲਾਈਨ ਪਟੀਸ਼ਨ ਉੱਤੇ ਐਤਵਾਰ ਸ਼ਾਮ ਤੱਕ ਤਕਰੀਬਨ 60 ਹਜ਼ਾਰ ਤੋਂ ਵੱਧ ਲੋਕ ਦਸਖਤ ਕਰ ਚੁੱਕੇ ਹਨ।

ਪਤਾ ਲੱਗਾ ਹੈ ਕਿ ਗੁਰਮੀਤ ਕੌਰ ਸਹੋਤਾ (75) ਬ੍ਰਿਟੇਨ ਵਿੱਚ ਸਾਲ 2009 ਵਿਚ ਆਈ ਸੀ ਤੇ ਓਦੋਂ ਤੋਂ ਵੈਸਟ ਮਿਡਲੈਂਡ ਦੇ ਸਮੈਦਿਕ ਇਲਾਕੇ ਵਿਚ ਰਹਿ ਰਹੀ ਹੈ। ਕਾਨੂੰਨੀ ਪੱਖ ਤੋਂ ਉਹ ਦਸਤਾਵੇਜ਼ੀ ਪ੍ਰਕਿਰਿਆ ਪੂਰੀ ਕਰਨ ਬਿਨਾਂ ਹੀ ਇਸ ਦੇਸ਼ ਵਿਚ ਰਹਿਣ ਵਾਲੀ ਪ੍ਰਵਾਸੀ ਮੰਨੀ ਗਈ ਹੈ ਅਤੇ ਇਮੀਗ੍ਰੇਸ਼ਨ ਨਿਯਮਾਂ ਹੇਠ ਉਸ ਨੂੰ ਭਾਰਤ ਵਾਪਸ ਭੇਜਣ ਦੇ ਹਾਲਾਤ ਬਣ ਚੁੱਕੇ ਹਨ, ਜਦ ਕਿ ਭਾਰਤ ਵਿੱਚ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਹੀਨਹੀਂ ਹੈ। ਇਸ ਤੱਥ ਨੇ ਜਦੋਂ ਲੋਕਾਂ ਦਾ ਧਿਆਨ ਖਿੱਚਿਆ ਤਾਂ ਸਮੈਦਿਕ ਦਾ ਸਥਾਨਕ ਭਾਈਚਾਰਾ ਉਨ੍ਹਾਂ ਦੀ ਹਮਾਇਤ ਵਿਚ ਆ ਗਿਆ ਹੈ।

ਇਸ ਬਾਰੇ ਬ੍ਰਿਟੇਨ ਦੇ ਗ੍ਰਹਿ ਵਿਭਾਗ ਅਤੇ ਬ੍ਰਿਟਿਸ਼ ਪਾਰਲੀਮੈਂਟ ਨੂੰ ਸੰਬੋਧਨ ਕਰਦੇ ਹੋਏਸ਼ੁਰੂ ਕੀਤੀ ਆਨਲਾਈਨ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਗੁਰਮੀਤ ਕੌਰ ਦਾ ਬ੍ਰਿਟੇਨ ਵਿਚ ਕੋਈ ਪਰਿਵਾਰ ਨਹੀਂ ਤੇ ਨਾ ਹੀ ਪੰਜਾਬ ਵਿਚ ਕੋਈ ਪਰਿਵਾਰ ਹੈ, ਇਸ ਲਈ ਸਮੈਦਿਕ ਦੇ ਸਿੱਖ ਭਾਈਚਾਰੇ ਨੇ ਉਨ੍ਹਾਂ ਨੂੰ ਗੋਦ ਲੈ ਲਿਆ ਹੈ। ਗੁਰਮੀਤ ਨੇ ਬ੍ਰਿਟੇਨ ਵਿਚ ਰਹਿਣ ਦੀ ਅਰਜ਼ੀ ਦਿੱਤੀ ਸੀ, ਜਿਹੜੀ ਇਹ ਤੱਥ ਜਾਣਦੇ ਹੋਏ ਰੱਦ ਕਰ ਦਿੱਤੀ ਗਈ ਕਿ ਭਾਰਤ (ਪੰਜਾਬ) ਵਿਚ ਉਨ੍ਹਾਂ ਦਾ ਕੋਈ ਪਰਿਵਾਰ ਨਹੀਂ ਹੈ। ਦੋਭਾਸ਼ੀਏ ਰਾਹੀਂ ਗੁਰਮੀਤ ਕੌਰ ਸਹੋਤਾ ਨੇ ਇੱਕ ਖਬਰ ਏਜੰਸੀ ਨੂੰ ਕਿਹਾ ਕਿ ਉਨ੍ਹਾਂ ਨੂੰ ਭਾਰਤ ਵਾਪਸ ਜਾਣਾ ਪਿਆ ਤਾਂ ਓਥੇ ਵੀ ਉਨ੍ਹਾਂ ਦੀ ਕੋਈ ਥਾਂ ਨਹੀਂ, ਕਿਉਂਕਿ ਉਥੇ ਉਨ੍ਹਾਂ ਦਾ ਕੋਈ ਪਰਿਵਾਰ ਨਹੀਂ ਹੈ। ਉਨ੍ਹਾਂ ਕਿਹਾ, ਉਥੇ ਜਾ ਕੇ ਇਕੱਲੇ ਰਹਿਣ ਉੱਤੇ ਇਕੱਲਤਾ ਨਾਲ ਮਾਨਸਿਕ ਅਸਰ ਬਾਰੇ ਸੋਚਣ ਤੋਂ ਉਹ ਡਰੀ ਹੋਈ ਹੈ। ਉਹ ਇਹ ਕਹਿੰਦੀ ਹੈ ਕਿ ‘ਸਮੈਦਿਕ ਮੇਰਾ ਅਸਲੀ ਘਰ ਹੈ, ਇਹ ਉਹ ਥਾਂ ਹੈ, ਜਿੱਥੇ ਮੈਂ ਭਾਈਚਾਰੇ ਲਈ ਕੰਮ ਕਰਦੀ ਹਾਂ। ਇਹ ਉਹ ਥਾਂ ਹੈ, ਜਿਸ ਨੂੰ ਮੈਂ ਜਾਣਦੀ ਹਾਂ ਅਤੇ ਜਿੱਥੋਂ ਦੇ ਲੋਕਾਂ ਨੂੰ ਪਿਆਰ ਕਰਦੀ ਹਾਂ ਤੇ ਉਹ ਮੇਰੇ ਪਰਿਵਾਰ ਦੇ ਮੈਂਬਰ ਬਣ ਗਏ ਹਨ।’ ਇਸ ਪਟੀਸ਼ਨ ਦੇ ਹੱਕ ਵਿੱਚ ਸੱਠ ਹਜ਼ਾਰ ਤੋਂ ਵੱਧ ਲੋਕਾਂ ਨੇ ਦਸਖਤ ਕੀਤੇ ਹਨ।



